# ਨਗਰ ਨਿਗਮ ਜਲੰਧਰ

# ਨਗਰ ਨਿਗਮ ਹਾਊਸ ਦੀ ਮੀਟਿੰਗ
# ਮਿਤੀ 24.12.2019
# ਦੀ ਕਾਰਵਾਈ

(ਮਤਾ ਨੰ: 123 ਤੋਂ 154 ਤੱਕ )

## ਨਗਰ ਨਿਗਮ ਜਲੰਧਰ ਹਾਊਸ ਮੀਟਿੰਗ ਮਿਤੀ 24.12.2019 ਨੂੰ ਹੋਈ ਦੀ ਕਾਰਵਾਈ ।

ਮਿਤੀ 24.12.2019 ਨੂੰ ਨਗਰ ਨਿਗਮ ਹਾਊਸ ਦੀ ਮੀਟਿੰਗ ਸਮਾਂ ਬਾਅਦ ਦੁਪਹਿਰ 3:00 ਵਜੇ ਡਾ: ਬੀ.ਆਰ. ਅੰਬੇਦਕਰ ਪ੍ਰਸ਼ਾਸਕੀ ਕੰਪਲੈਕਸ, ਦੂਸਰੀ ਮੰਜਿਲ, ਮੀਟਿੰਗ ਹਾਲ, ਨਗਰ ਨਿਗਮ, ਨਹਿਰੂ ਗਾਰਡਨ, ਜਲੰਧਰ ਵਿਖੇ ਹੋਈ, ਜਿਸ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

| ਲੜੀ ਨੰ: | ਵਾਰਡ ਨੰ: | ਨਾਮ |
|---|---|---|
| 1. | 48 | ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ |
| 2. | 39 | ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ |
| 3. | 44 | ਸ਼੍ਰੀ ਹਰਸਿਮਰਨਜੀਤ, ਡਿਪਟੀ ਮੇਅਰ |
| 4. | 1 | ਸ਼੍ਰੀਮਤੀ ਤਮਨਰੀਤ ਕੌਰ, ਕੌਂਸਲਰ |
| 5. | 2 | ਸ਼੍ਰੀ ਸੁਸ਼ੀਲ ਕੁਮਾਰ, ਕੌਂਸਲਰ |
| 6. | 3 | ਸ਼੍ਰੀਮਤੀ ਰਿਸ਼ਾ ਸੈਣੀ, ਕੌਂਸਲਰ |
| 7. | 5 | ਸ਼੍ਰੀਮਤੀ ਬਲਜਿੰਦਰ ਕੌਰ, ਕੌਂਸਲਰ |
| 8. | 6 | ਸ਼੍ਰੀ ਨਿਰਮਲ ਸਿੰਘ, ਕੌਂਸਲਰ |
| 9. | 7 | ਸ਼੍ਰੀਮਤੀ ਨੀਲਮ, ਕੌਂਸਲਰ |
| 10. | 8 | ਸ਼੍ਰੀ ਜੇ.ਪੀ ਸ਼ਮਸ਼ੇਰ ਖਹਿਰਾ, ਕੌਂਸਲਰ |
| 11. | 9 | ਸ਼੍ਰੀਮਤੀ ਮਨਦੀਪ ਕੌਰ, ਕੌਂਸਲਰ, |
| 12. | 10 | ਸ਼੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ |
| 13. | 11 | ਸ਼੍ਰੀਮਤੀ ਪ੍ਰਵੀਨਾ, ਕੌਂਸਲਰ |
| 14. | 12 | ਸ਼੍ਰੀ ਜਗਦੀਸ਼ ਕੁਮਾਰ, ਕੌਂਸਲਰ |
| 15. | 15 | ਸ਼੍ਰੀਮਤੀ ਡੋਲੀ, ਕੌਂਸਲਰ |
| 16. | 16 | ਸ਼੍ਰੀ ਮਨਮੋਹਣ ਸਿੰਘ, ਕੌਂਸਲਰ |
| 17. | 17 | ਸ਼੍ਰੀਮਤੀ ਸ਼ੈਲੀ ਖੰਨਾਂ, ਕੌਂਸਲਰ |
| 18. | 18 | ਸ਼੍ਰੀ ਬਲਜੀਤ ਸਿੰਘ ਥਿੰਦ, ਕੌਂਸਲਰ |
| 19. | 19 | ਸ਼੍ਰੀਮਤੀ ਉਮਾ ਬੇਰੀ, ਕੌਂਸਲਰ |
| 20. | 20 | ਸ਼੍ਰੀਮਤੀ ਜਸਲੀਨ ਸੇਠੀ, ਕੌਂਸਲਰ |
| 21. | 21 | ਸ਼੍ਰੀਮਤੀ ਮਨਜੀਤ ਕੌਰ, ਕੌਂਸਲਰ |
| 22. | 22 | ਸ਼੍ਰੀ ਪ੍ਰੱਭਦਿਆਲ, ਕੌਂਸਲਰ |
| 23. | 24 | ਸ਼੍ਰੀ ਰਜਿੰਦਰ ਕੁਮਾਰ ਜੁਨੇਜਾ, ਕੌਂਸਲਰ |
| 24. | 26 | ਸ਼੍ਰੀ ਰੋਹਨ ਸਹਿਗਲ, ਕੌਂਸਲਰ |
| 25. | 28 | ਸ਼੍ਰੀ ਬਲਰਾਜ ਠਾਕੁਰ, ਕੌਂਸਲਰ |
| 26. | 31 | ਸ਼੍ਰੀਮਤੀ ਹਰਸ਼ਰਨ ਕੌਰ, ਕੌਂਸਲਰ |
| 27. | 32 | ਸ਼੍ਰੀ ਸੁੱਚਾ ਸਿੰਘ, ਕੌਂਸਲਰ |
| 28. | 33 | ਸ਼੍ਰੀਮਤੀ ਕਮਲਾ ਰਾਣੀ , ਕੌਂਸਲਰ |
| 29. | 34 | ਸ਼੍ਰੀ ਤਰਸੇਮ ਸਿੰਘ, ਕੌਂਸਲਰ |
| 30. | 35 | ਸ਼੍ਰੀਮਤੀ ਗੀਤਾ ਰਾਣੀ, ਕੌਂਸਲਰ |
| 31. | 36 | ਸ਼੍ਰੀ ਬਚਨ ਲਾਲ, ਕੌਂਸਲਰ |
| 32. | 38 | ਸ਼੍ਰੀ ਓਮਕਾਰ ਰਜੀਵ, ਕੌਂਸਲਰ |
| 33. | 40 | ਸ਼੍ਰੀ ਵਰੇਸ਼ ਕੁਮਾਰ, ਕੌਂਸਲਰ |
| 34. | 41 | ਸ਼੍ਰੀਮਤੀ ਅਨੀਤਾ, ਕੌਂਸਲਰ |
| 35. | 42 | ਸ਼੍ਰੀਮਤੀ ਸੁਨੀਤਾ, ਕੌਂਸਲਰ |
| 36. | 43 | ਸ਼੍ਰੀਮਤੀ ਬਬੀਤਾ ਰਾਣੀ, ਕੌਂਸਲਰ |
| 37. | 45 | ਸ਼੍ਰੀਮਤੀ ਜਸਪਾਲ ਕੌਰ, ਕੌਂਸਲਰ |
| 38. | 47 | ਸ਼੍ਰੀਮਤੀ ਬਲਵਿੰਦਰ ਕੌਰ, ਕੌਂਸਲਰ |
| 39. | 49 | ਸ਼੍ਰੀਮਤੀ ਅਨੀਤਾ ਰਾਜਾ, ਕੌਂਸਲਰ |
| 40. | 50 | ਸ਼੍ਰੀ ਪਰਮਜੋਤ ਸਿੰਘ, ਕੌਂਸਲਰ |
| 41. | 51 | ਸ਼੍ਰੀਮਤੀ ਰਾਧਿਕਾ ਪਾਠਕ, ਕੌਂਸਲਰ |
| 42. | 53 | ਸ਼੍ਰੀਮਤੀ ਰਜਨੀ ਬਾਹਰੀ, ਕੌਂਸਲਰ |
| 43. | 54 | ਸ਼੍ਰੀਮਤੀ ਰੀਟਾ ਸ਼ਰਮਾ, ਕੌਂਸਲਰ |

| | | |
|---|---|---|
| 44. | 55 | ਸ਼੍ਰੀਮਤੀ ਵੰਦਨਾ, ਕੌਂਸਲਰ |
| 45. | 56 | ਸ਼੍ਰੀ ਪੱਲੀ ਅੱਪਨ, ਕੌਂਸਲਰ |
| 46. | 57 | ਸ਼੍ਰੀਮਤੀ ਰਜਨੀ ਮੱਟੂ, ਕੌਂਸਲਰ |
| 47. | 59 | ਸ਼੍ਰੀਮਤੀ ਰੀਨਾ ਕੌਰ, ਕੌਂਸਲਰ |
| 48. | 60 | ਸ਼੍ਰੀ ਅਵਤਾਰ ਸਿੰਘ, ਕੌਂਸਲਰ |
| 49. | 62 | ਸ੍ਰੀ ਦੀਪਕ ਸ਼ਾਰਦਾ, ਕੌਂਸਲਰਰ |
| 50. | 63 | ਸ਼੍ਰੀਮਤੀ ਜਸਵਿੰਦਰ ਕੌਰ, ਕੌਂਸਲਰ |
| 51. | 64 | ਸ਼੍ਰੀ ਸੁਸ਼ੀਲ ਕਾਲੀਆ, ਕੌਂਸਲਰ |
| 52. | 65 | ਸ਼੍ਰੀਮਤੀ ਅੰਜਲੀ , ਕੌਂਸਲਰ |
| 53. | 66 | ਸ਼੍ਰੀ ਦਵਿੰਦਰ ਸਿੰਘ, ਕੌਂਸਲਰ |
| 54. | 67 | ਸ਼੍ਰੀਮਤੀ ਕਵਲਜੀਤ ਕੌਰ ਗੁੱਲੂ, ਕੌਂਸਲਰ |
| 55. | 68 | ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲ ਕੰਠ, ਕੌਂਸਲਰ |
| 56. | 69 | ਸ਼੍ਰੀਮਤੀ ਸਰਫੋ ਦੇਵੀ, ਕੌਂਸਲਰ |
| 57. | 70 | ਸ਼੍ਰੀ ਗਿਆਨ ਚੰਦ, ਕੌਂਸਲਰ |
| 58. | 72 | ਸ਼੍ਰੀ ਮਿੰਟੂ, ਕੌਂਸਲਰ |
| 59. | 73 | ਸ਼੍ਰੀਮਤੀ ਚੰਦਰਜੀਤ ਕੌਰ ਸੰਧਾ, ਕੌਂਸਲਰ |
| 60. | 74 | ਸ਼੍ਰੀ ਮਦਨ ਲਾਲ, ਕੌਂਸਲਰ |
| 61. | 75 | ਸ਼੍ਰੀਮਤੀ ਅਨੀਤਾ ਰਾਣੀ, ਕੌਂਸਲਰ |
| 62. | 76 | ਸ਼੍ਰੀ ਲਖਵੀਰ ਸਿੰਘ, ਕੌਂਸਲਰ |
| 63. | 77 | ਸ਼੍ਰੀਮਤੀ ਸ਼ਵੇਤਾ ਧੀਰ, ਕੌਂਸਲਰ |
| 64. | 78 | ਸ਼੍ਰੀ ਜਗਦੀਸ਼ ਰਾਮ, ਕੌਂਸਲਰ |
| 65. | 80 | ਸ਼੍ਰੀ ਦੇਸ਼ ਰਾਜ ਜੱਸਲ, ਕੌਂਸਲਰ |

**ਕੁਲ ਹਾਜ਼ਰ ਮੈਂਬਰ:** 65

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
24.12.2019

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਸਮੂਹ ਮੈਂਬਰ ਸਾਹਿਬਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਨਗਰ ਨਿਗਮ, ਹਾਊਸ ਦੀ ਮੀਟਿੰਗ ਵਿੱਚ ਮੈਂ ਸੀਨੀਅਰ ਡਿਪਟੀ ਮੇਅਰ, ਡਿਪਟੀ ਮੇਅਰ, ਕਮਿਸ਼ਨਰ, ਨਗਰ ਨਿਗਮ, ਜਲੰਧਰ ਸਮੂਹ ਕੌਂਸਲਰ ਸਾਥੀ, ਨਿਗਮ ਅਧਿਕਾਰੀ ਅਤੇ ਮੀਡੀਆਂ ਤੋਂ ਆਏ ਹੋਏ ਨੁਮਾਇੰਦਿਆਂ ਨੂੰ ਜੀ ਆਇਆ ਆਖਦਾ ਹਾਂ। ਮੀਟਿੰਗ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਕੁੱਝ ਦੀਵੰਗਤ ਆਤਮਾਵਾਂ ਜੋ ਪਿੱਛੇ ਜਿਹੇ ਆਕਾਲ ਚਲਾਣਾ ਕਰ ਗਈਆਂ ਹਨ, ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ, ਜਿਹਨਾਂ ਵਿੱਚੋ ਸਾਬਕਾ ਕੋਂਸਲਰ ਸ੍ਰੀ ਜੋਗਿੰਦਰ ਸਿੰਘ ਟੋਨੀ ਜੀ, ਸ਼੍ਰੀਮਤੀ ਅੰਜਲੀ ਭਗਤ, ਕੋਂਸਲਰ ਦੇ ਦਿਓਰ ਸ੍ਰੀ ਅਮਿਤ ਭਗਤ ਜੀ ਹਨ, ਉਹਨਾਂ ਸਮੂਹ ਹਾਊਸ ਨੂੰ ਬੇਨਤੀ ਕੀਤੀ ਕਿ ਇਹਨਾਂ ਦੀਵੰਗਤ ਆਤਮਾਵਾਂ ਤੋਂ ਇਲਾਵਾਂ ਜੇਕਰ ਕੋਈ ਹੋਰ ਨਾਮ ਸ਼ਾਮਿਲ ਕਰਨਾ ਹੋਵੇ ਤਾਂ ਦੱਸ ਦਿੱਤਾ ਜਾਵੇ ।

ਇਸ ਉਪਰੰਤ ਮੇਅਰ ਜੀ ਨੇ ਦੀਵੰਗਤ ਆਤਮਾਵਾਂ ਪ੍ਰਤੀ ਖੜੇ ਹੋ ਕੇ ਦੋ ਮਿੰਟ ਦਾ ਮੋਨ ਧਾਰਨ ਲਈ ਕਿਹਾ ਅਤੇ ਸਮੂਹ ਮੈਂਬਰਾਂ ਨੇ ਖੜੇ ਹੋ ਕੇ ਦੋ ਮਿੰਟ ਦਾ ਮੋਨ ਧਾਰਿਆ ।

ਇਸ ਉਪਰੰਤ ਮੇਅਰ ਜੀ ਨੇ 10 ਮਿੰਟਾਂ ਲਈ ਮੀਟਿੰਗ ਨੂੰ ਮੁਲਤਵੀ ਕਰਨ ਦੇ ਆਦੇਸ਼ ਦਿੱਤੇ ।

ਦੋਬਾਰਾ ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਸਮੂਹ ਹਾਊਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜ਼ੀਰੋ ਆਵਰ ਸ਼ੁਰੂ ਕੀਤਾ ਜਾਵੇ ਅਤੇ ਸਮੂਹ ਮੈਂਬਰਾਂ ਨੂੰ ਹਦਾਇਤ ਕੀਤੀ ਕਿ ਇੱਕ ਵਾਰ ਵਿੱਚ ਸਿਰਫ ਇੱਕ ਹੀ ਮੈਂਬਰ ਬੋਲੇ ਅਤੇ ਦੂਜਾ ਕੋਈ ਮੈਂਬਰ ਨਾ ਬੋਲੇ ਤਾਂ ਜੋ ਬੋਲਣ ਵਾਲੇ ਮੈਂਬਰ ਦੀ ਗੱਲ ਸੁਚੱਜੇ ਢੰਗ ਨਾਲ ਸੁਣੀ ਜਾ ਸਕੇ ਅਤੇ ਉਸਦੀ ਸੁਣਵਾਈ ਹੋ ਸਕੇ ।

ਸਭ ਤੋਂ ਪਹਿਲਾਂ ਸ੍ਰੀ ਸੁਸ਼ੀਲ ਕੁਮਾਰ, ਕੋਂਸਲਰ, ਵਾਰਡ ਨੰ: 2 ਨੇ ਬੋਲਦਿਆਂ ਕਿਹਾ ਕਿ ਉਹਨਾਂ ਦੇ ਵਾਰਡ ਅਤੇ ਉਹਨਾਂ ਦੇ ਨਾਲ ਲੱਗਦੇ ਵਾਰਡਾਂ ਵਿੱਚ ਇਸ ਵੇਲੇ ਸੀਵਰੇਜ ਦੀ ਗੰਭੀਰ ਸੱਮਸਿਆ ਬਣੀ ਹੋਈ ਹੈ ।ਐਨ.ਜੀ.ਟੀ. ਦੇ ਆਦੇਸ਼ਾਂ ਨਾਲ ਸੀਵਰੇਜ਼ ਦੇ ਉਹ ਆਊਟਲੈਟ ਜਿਹੜੇ ਕਿ ਕਾਲਾ ਸੰਘਿਆ ਡਰੇਨ ਵਿੱਚ ਡਿੱਗਦੇ ਸਨ, ਨੂੰ ਬੰਦ ਕਰ ਦਿੱਤਾ ਗਿਆ ਹੈ ਜਿਸ ਕਰਕੇ ਜਿਹੜਾ ਸੀਵਰੇਜ਼ ਗਦਈਪੁਰ ਤੋਂ ਫੋਲੜੀਵਾਲ ਐਸ.ਟੀ.ਪੀ. ਤੱਕ ਜਾਂਦਾ ਹੈ, ਓਵਰਫਲੋ ਕਰ ਰਿਹਾ ਹੈ । ਇਸ ਤੋਂ ਇਲਾਵਾ ਲਗਭਗ 600 ਫੈਕਟਰੀਆਂ ਦਾ ਪਾਣੀ ਵੀ ਇਸ ਸੀਵਰੇਜ਼ ਨਾਲ ਜੋੜ ਦਿੱਤਾ ਗਿਆ ਹੈ । ਇਹ 20 ਕਿਲੋਮੀਟਰ ਲੰਮੀ ਸੀਵਰ ਲਾਈਨ ਹੈ । ਕਾਲੀਆ ਕਲੋਨੀ, ਅਮਰਦਾਸ ਨਗਰ, ਨਿਊ ਗੁਰੂ ਅਮਰਦਾਸ ਨਗਰ, ਸਲੇਮਪੁਰ ਮੁਸਲਮਾਨਾ ਦਾ ਸੀਵਰ ਇਸ ਲਾਈਨ ਨਾਲ ਜੁੜਿਆ ਹੋਇਆ ਹੈ। ਪਿਛਲੇ ਦੋ-ਤਿੰਨ ਮਹੀਨਿਆਂ ਤੋਂ ਵਾਰ ਵਾਰ ਸ਼ਕਾਇਤਾਂ ਕੀਤੀਆਂ ਜਾ ਰਹੀਆਂ ਹਨ ਕਿ ਲੋਕਾਂ ਦੇ ਘਰਾਂ ਦੇ ਬਾਹਰ ਪਾਣੀ ਖੜਾ ਰਹਿੰਦਾ ਹੈ ਅਤੇ ਕੰਧਾਂ ਨੂੰ ਸਲਾਭ ਆ ਰਹੀ ਹੈ । ਗੁਰੂ ਅਮਰਦਾਸ ਨਗਰ, ਨਿਊ ਗੁਰੂ ਅਮਰਦਾਸ ਨਗਰ ਅਤੇ ਬੈਂਕ ਕਲੋਨੀ ਵਿਖੇ ਪੀਣ ਵਾਲੇ ਗੰਦੇ

ਪਾਣੀ ਦੀ ਸੱਮਸਿਆ ਆ ਰਹੀ ਹੈ । ਸਬੰਧਤ ਕਾਰਜਕਾਰੀ ਇੰਜੀਨਿਅਰ ਨਾਲ ਪਿਛੇ ਜਿਹੇ ਮੀਟਿੰਗ ਵੀ ਕੀਤੀ ਗਈ ਸੀ ਅਤੇ ਉਹਨਾਂ ਹੱਥ ਖੜੇ ਕਰ ਦਿੱਤੇ ਇਹ ਕਹਿ ਕੇ ਕਿ ਇਸ ਦਾ ਕੋਈ ਹਲ ਨਹੀਂ ਹੈ । ਸੋ ਇੱਕ ਕਮੇਟੀ ਬਣਾਈ ਜਾਵੇ । 20 ਕਿਲੋਮੀਟਰ ਲੰਮੀ ਸੀਵਰ ਲਾਈਨ ਨੂੰ ਬ੍ਰੇਕ ਕਰਨਾ ਪਵੇਗਾ । ਨਾਰਥ ਹਲਕੇ ਦਾ ਜਿਹੜਾ ਵਹਟਸਅਪ ਗਰੁੱਪ ਕੌਂਸਲਰਾਂ ਦਾ ਬਣਾਇਆ ਹੈ, ਉਸ ਵਿੱਚ ਫੋਟੋਆਂ ਪਾ ਪਾ ਕੇ ਵੀ ਥੱਕ ਚੁੱਕੇ ਹਾਂ ਪਰ ਕੋਈ ਹੱਲ ਨਹੀਂ ਹੋ ਰਿਹਾ । ਲੋਕ ਕੌਂਸਲਰਾਂ ਨੂੰ ਗੰਦੀਆਂ ਗਾਲਾਂ ਕੱਢਣ ਲੱਗ ਪਏ ਹਨ ।ਅਜਿਹੀ ਨਰਕ ਦੀ ਸਥਿਤੀ ਸਿਰਫ ਮੇਰੇ ਵਾਰਡ ਵਿੱਚ ਹੀ ਨਹੀਂ ਸਗੋਂ ਆਲ੍ਹੇ-ਦੁਆਲ੍ਹੇ ਦੇ ਵਾਰਡਾਂ ਵਿੱਚ ਵੀ ਬਣੀ ਹੋਈ ਹੈ ।

ਮੇਅਰ ਜੀ ਨੇ ਐਸ.ਈ. ( ਓ ਐਂਡ ਐਮ) ਨੂੰ ਜਵਾਬ ਦੇਣ ਲਈ ਕਿਹਾ । ਐਸ.ਈ. (ਓ ਐਂਡ ਐਮ) ਨੇ ਦੱਸਿਆ ਕਿ ਐਨ.ਜੀ.ਟੀ. ਦੀਆਂ ਹਦਾਇਤਾਂ ਨਾਂਲ ਕਾਲਾ ਸੰਘਿਆ ਡਰੇਨ ਵਿਖੇ ਡਿਗਣ ਵਾਲੇ ਸੀਵਰੇਜ਼ ਦੇ ਆਊਟਲੈਟ ਬੰਦ ਕੀਤੇ ਗਏ ਹਨ ਜਿਸ ਕਰਕੇ ਇਹ ਸੱਮਸਿਆ ਪੈਦਾ ਹੋਈ ਹੈ । ਉਸ ਏਰੀਏ ਦਾ ਡਿਸਚਾਰਜ 25-30 ਐਮ.ਐਲ.ਡੀ. ਵੱਧ ਆ ਰਿਹਾ ਹੈ ਅਤੇ ਫੋਲੜੀਵਾਲ ਐਸ.ਟੀ.ਪੀ. ਦੀ ਕਪੈਸਿਟੀ ਹੋਰ ਵਧਾਉਣ ਲਈ ਟੈਂਡਰ ਮੰਗੇ ਗਏ ਹਨ ਜਿਹੜੇ ਕਿ ਇੱਕ ਹਫਤੇ ਵਿੱਚ ਆ ਜਾਣਗੇ । ਫੋਕਲ ਪੁਆਇੰਟ ਦਾ ਪਾਣੀ ਜਿਹੜਾ ਕਿ ਲਗਭਗ 5-6 ਐਮ.ਐਲ.ਡੀ. ਆ ਰਿਹਾ ਹੈ ਉਹ ਪੰਪਿਗ ਸਟੇਸ਼ਨ ਵਾਲੀ ਜਗ੍ਹਾ ਤੇ ਜਾ ਕੇ ਬੈਕ ਮਾਰ ਰਿਹਾ ਹੈ । ਐਨ.ਜੀ.ਟੀ. ਦੀਆਂ ਫੋਕਲ ਪੁਆਇੰਟ ਨੂੰ ਇੱਕ ਸਾਲ ਦਾ ਸਮਾਂ ਈ.ਟੀ.ਪੀ. ਲਗਾਉਣ ਲਈ ਦਿੱਤਾ ਗਿਆ ਹੈ । ਪਿਛਲੇ 10 ਸਾਲਾਂ ਤੋਂ ਫੋਕਲ ਪੁਆਇੰਟ ਦਾ ਪਾਣੀ ਮੇਨ ਸੀਵਰੇਜ਼ ਲਾਈਨ ਨਾਲ ਕੁਨੈਕਟਡ ਹੈ । ਅਸੀਂ ਫੋਕਲ ਪੁਆਇੰਟ ਵਾਲਿਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਉਹ ਆਪਣੀਆਂ ਮੋਟਰਾਂ ਦਿਨੇ ਨਾ ਚਲਾਉਣ ਅਤੇ ਰਾਤ ਨੂੰ ਚਲਾਉਣ ਤਾਂ ਜ਼ੋ ਇਸ ਸਮੱਸਿਆ ਦਾ ਹਲ ਹੋ ਸਕੇ ।

ਸ੍ਰੀ ਸੁਸ਼ੀਲ ਕਾਲੀਆ, ਕੌਂਸਲਰ, ਵਾਰਡ ਨੰ: 64 ਨੇ ਬੋਲਦਿਆਂ ਕਿਹਾ ਕਿ ਇਸ ਸਮੱਸਿਆ ਲਈ ਸਭ ਤੋਂ ਵੱਡੀ ਸੀਵਰੇਜ਼ ਬੋਰਡ ਦੀ ਗਲਤੀ ਹੈ । ਇਸ ਸੀਵਰੇਜ਼ ਦੇ ਡਿਜ਼ਾਈਨ ਵਿੱਚ ਹੀ ਗਲਤੀ ਹੈ ।ਜੈਤੇਵਾਲੀ ਐਸ.ਟੀ.ਪੀ. ਦੀ ਕਪੈਸਿਟੀ ਘੱਟ ਹੈ। ਜਦ ਤੱਕ ਇਸ ਦੀ ਕਪੈਸਿਟੀ ਨਹੀਂ ਵਧੇਗੀ ਇਹ ਪ੍ਰਾਬਲਮ ਹਲ ਨਹੀਂ ਹੋਵੇਗੀ । ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਬੁਲਾਇਆ ਜਾਵੇ।

ਮੇਅਰ ਜੀ ਨੇ ਸਮੂਹ ਹਾਊਸ ਨੂੰ ਹਦਾਇਤ ਕੀਤੀ ਕਿ ਜੇਕਰ ਹਾਊਸ ਉਹਨਾਂ ਨੂੰ ਅਧਿਕਾਰ ਦਿੰਦਾ ਹੈ ਤਾਂ ਇਸ ਦੀ ਉਹ ਇੱਕ ਕਮੇਟੀ ਬਨਾ ਕੇ ਸਬੰਧਤ ਐਮ.ਐਲ.ਏ., ਕੌਂਸਲਰ ਸਾਹਿਬਾਨ ਅਤੇ ਨਗਰ ਨਿਗਮ ਅਧਿਕਾਰੀਆਂ ਨੂੰ ਸ਼ਾਮਲ ਕਰਕੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਪਾਸੋਂ ਇਸ ਸਬੰਧੀ ਘੋਖ ਕਰਣ ਲਈ ਅਤੇ ਸੱਮਸਿਆ ਦਾ ਹੱਲ ਕਰਨ ਲਈ ਉਪਰਾਲੇ ਕਰਨਗੇ ਜਿਸ ਤੇ ਸਮੂਹ ਹਾਊਸ ਨੇ ਇਹ ਕਮੇਟੀ ਬਨਾਉਣ ਦਾ ਅਧਿਕਾਰ ਮੇਅਰ ਜੀ ਨੂੰ ਦਿੱਤਾ ।

ਸ੍ਰੀ ਸੁਸ਼ੀਲ ਕਾਲੀਆ, ਕੌਂਸਲਰ, ਵਾਰਡ ਨੰ: 64 ਨੇ ਬੋਲਦਿਆਂ ਕਿਹਾ ਕਿ ਜਿਹੜੀਆਂ ਕੂੜਾ ਚੁੱਕਣ ਵਾਲੀਆਂ ਟਰਾਲੀਆਂ ਹਨ ਉਹ ਇੱਕ ਹੀ ਗੇੜਾ ਲਗਾਉਂਦੀਆਂ ਹਨ ਅਤੇ ਸਿਰਫ ਅੱਧਾ ਕੁ ਘੰਟਾ ਹੀ ਕੰਮ ਕਰਦੀਆਂ ਹਨ । ਠੇਕੇਦਾਰ ਨੂੰ ਪੁੱਛਿਆ ਜਾਵੇ ਕਿ ਇਹ ਕੀ ਸਿਸਟਮ ਹੈ ।

ਮੇਅਰ ਜੀ ਨੇ ਸਿਹਤ ਅਫ਼ਸਰ ਨੂੰ ਬੁਲਾਇਆ ਪਰ ਉਹ ਚੰਡੀਗੜ੍ਹ ਗਏ ਹੋਏ ਸਨ ਜਿਸ ਤੇ ਡਾ: ਰਾਜਕਮਲ, ਸਹਾਇਕ ਸਿਹਤ ਅਫ਼ਸਰ ਪੇਸ਼ ਹੋਏ ਅਤੇ ਉਹਨਾਂ ਕਿਹਾ ਕਿ ਉਹਨਾਂ ਨੂੰ ਇਸ ਦਾ ਚਾਰਜ ਮਿਲੇ ਥੋੜਾ ਵਕ਼ਤ ਹੀ ਹੋਇਆ ਹੈ ਅਤੇ ਉਹ ਇਸ ਬਾਰੇ ਜਵਾਬ ਨਹੀਂ ਦੇ ਸਕੇ । ਮੇਅਰ ਜੀ ਨੇ ਹਦਾਇਤ ਕੀਤੀ ਕਿ ਜੇਕਰ ਇਸ ਦਾ ਜਵਾਬ ਤਿੰਨ ਦਿਨਾਂ ਵਿੱਚ ਸਬੰਧਤ ਕੌਂਸਲਰ ਨੂੰ ਨਹੀਂ ਦਿੱਤਾ ਜਾਂਦਾ ਤਾਂ ਇਸ ਤੇ ਕੀ ਕਾਰਵਾਈ ਕਰਨੀ ਹੈ, ਬਾਰੇ ਹਾਊਸ ਫੈਸਲਾ ਕਰੇਗਾ ।

ਸ੍ਰੀ ਸੁਸ਼ੀਲ ਕਾਲੀਆ, ਕੌਂਸਲਰ, ਵਾਰਡ ਨੰ: 64 ਨੇ ਬੋਲਦਿਆਂ ਕਿਹਾ ਕਿ ਬੀ ਐਂਡ ਆਰ ਵਿਭਾਗ ਨੂੰ ਜੇ.ਸੀ.ਬੀ. ਅਤੇ ਟਿੱਪਰ ਦਿੱਤਾ ਜਾਵੇ । ਸਾਡੇ ਕਈ ਬੀ. ਐਂਡ ਆਰ. ਨਾਲ ਸਬੰਧਤ ਕੰਮ ਅਫੈਕਟ ਹੋ ਰਹੇ ਹਨ। ਸਾਡੀਆਂ ਤਨਖ਼ਾਹਾਂ ਨਾ ਵਧਾਈਆਂ ਜਾਣ ਅਸੀਂ ਪਬਲਿਕ ਦੀ ਸੇਵਾ ਲਈ ਆਏ ਹਾਂ । ਇਹ ਜੇ.ਸੀ.ਬੀ. ਅਤੇ ਟਿੱਪਰ ਬੀ ਐਂਡ ਆਰ ਵਿਭਾਗ ਨੂੰ ਵਾਪਸ ਦਿੱਤੇ ਜਾਣ ।ਅਸੀਂ ਬਜਾਏ ਆਪਣੀ ਤਨਖ਼ਾਹਾਂ ਵਧਾਉਣ ਤੇ ਨਵੀ ਮਸ਼ੀਨਰੀ ਲੈ ਲਈਏ ।

ਮੇਅਰ ਜੀ ਨੇ ਡਾ: ਰਾਜ ਕਮਲ, ਏ.ਐਚ.ਓ. ਨੂੰ ਪੁੱਛਿਆ ਕਿ ਤੁਹਾਡੀਆਂ ਡਿੱਚ ਮਸ਼ੀਨਾ ਅਤੇ ਟਿੱਪਰ ਕਿੰਨਾ ਕੰਮ ਕਰਦੇ ਹਨ ਅਤੇ ਕਿੰਨੇ ਵਜੇ ਤੱਕ ਕੰਮ ਕਰਦੇ ਹਨ ।

ਏ.ਐਚ.ਓ. ਨੇ ਦੱਸਿਆ ਕਿ ਸਵੇਰੇ 7:30 ਵਜੇ ਤੋਂ ਲੈ ਕੇ ਦੁਪਹਿਰ 2:00 ਵਜੇ ਤੱਕ ਕੰਮ ਕਰ ਲੈਂਦੇ ਹਨ ।

ਇਸ ਤੇ ਸ੍ਰੀ ਸੁਸ਼ੀਲ ਕਾਲੀਆ, ਕੌਂਸਲਰ, ਨੇ ਏ.ਐਚ.ਓ. ਨੂੰ ਕਿਹਾ ਕਿ ਤੁਸੀਂ ਮੇਰੇ ਨਾਲ ਦੋ ਦਿੰਨ ਘੁੰਮੋਂ ਤੇ ਦੇਖ਼ਦੇ ਹਾਂ ਕਿ ਕਿੰਨਾ ਕੁ ਕੰਮ ਹੁੰਦਾ ਹੈ ।ਉਹਨਾਂ ਇਹ ਮੰਗ ਵੀ ਕੀਤੀ ਕਿ ਜਨਮ ਅਤੇ ਮੌਤ ਸ਼ਾਖਾ ਦਾ ਕੰਮ ਸੇਮ ਫਲੋਰ ਤੇ ਕੀਤਾ ਜਾਵੇ ਕਿਉਂ ਜ਼ੋ ਇਕ ਦਫ਼ਤਰ ਬੇਸਮੈਂਟ ਵਿੱਚ ਹੈ ਅਤੇ ਦੂਜਾ ਤੀਸਰੀ ਮੰਜ਼ਲ ਤੇ ।

ਮੇਅਰ ਜੀ ਨੇ ਕਮਿਸ਼ਨਰ ਜੀ ਨੂੰ ਇਸ ਸਬੰਧੀ ਦੇਖਣ ਲਈ ਹਦਾਇਤ ਕੀਤੀ ।

ਸ੍ਰੀ ਦੀਪਕ ਸ਼ਾਰਦਾ, ਕੌਂਸਲਰ ਨੇ ਕਿਹਾ ਕਿ ਸੀਵਰੇਜ਼ ਦੀ ਬਹੁਤ ਸੱਮਸਿਆ ਹੈ । ਐਸ.ਟੀ.ਪੀ. ਦੀ ਕਪੈਸਿਟੀ ਘੱਟ ਹੈ । ਪਾਣੀ ਬੈਕ ਮਾਰਦਾ ਹੈ । ਅੱਜ ਕਲ੍ਹ ਤਾਂ ਸਰਦੀਆਂ ਹਨ ਪਰ ਚਾਰ-ਪੰਜ ਮਹੀਨਿਆਂ ਬਾਅਦ ਗਰਮੀ ਦੇ ਮੌਸਮ ਆ ਜਾਣ ਤੇ ਇਹ

ਸੱਮਸਿਆ ਹੋਰ ਵੀ ਗੰਭੀਰ ਹੋ ਜਾਵੇਗੀ । ਜਿਸ ਤੇ ਮੇਅਰ ਜੀ ਨੇ ਉਹਨਾਂ ਨੂੰ ਦੱਸਿਆ ਕਿ ਹਾਊਸ ਪਹਿਲਾਂ ਹੀ ਇਸ ਬਾਰੇ ਕਮੇਟੀ ਬਨਾਉਣ ਲਈ ਫੈਸਲਾ ਕਰ ਚੁੱਕਾ ਹੈ ।

ਸ੍ਰੀ ਦੇਸ ਰਾਜ ਜੱਸਲ, ਕੌਂਸਲਰ ਨੇ ਬੋਲਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਜ਼ੋ ਸਰਕਾਰ ਵਲੋਂ 1.50-1.50 ਲੱਖ ਰੁਪਏ ਮਕਾਨ ਬਨਾਉਣ ਲਈ ਦਿੱਤੇ ਗਏ ਹਨ, ਚਾਰ-ਪੰਜ ਮਹੀਨਿਆਂ ਤੋਂ ਜਿਹੜੇ ਲੋਕ ਆਪਣਾ ਮਕਾਨ ਤੋੜੀਂ ਬੈਠੇ ਹਨ, ਨੂੰ ਨਹੀਂ ਦਿੱਤੇ ਜਾ ਰਹੇ । ਲੋਕ ਕਿਰਾਏ ਤੇ ਰਹਿ ਰਹੇ ਹਨ ਅਤੇ ਬੇਘਰ ਹੋਏ ਪਏ ਹਨ । ਉਹਨਾਂ ਨੂੰ ਕਿਰਾਇਆ ਦਿੱਤਾ ਜਾਵੇ । ਮਹਿਕਮੇਂ ਨੇ ਉਹਨਾਂ ਨੂੰ ਵਰਕ ਆਡਰ ਦਿੱਤੇ ਹਨ ਕਿ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਆਪਣੇ ਮਕਾਨਾਂ ਦੀ ਰਿਪੇਅਰ ਕਰਵਾ ਕੇ ਫੋਟੋਆਂ ਦਿਓ ਨਹੀਂ ਤਾਂ ਪੈਸੇ ਵਾਪਸ ਚਲੇ ਜਾਣਗੇ । ਲੋਕਾਂ ਨੇ ਆਪਣੇ ਮਕਾਨਾਂ ਦੀਆਂ ਫੋਟੋਆਂ ਲਗਾ ਕੇ ਫਾਈਲਾਂ ਦਫ਼ਤਰ ਜਮ੍ਹਾਂ ਕਰਵਾਈਆਂ ਹੋਈਆਂ ਹਨ ਪਰ ਉਹਨਾਂ ਨੂੰ ਕੋਈ ਕਿਸਤ ਨਹੀਂ ਦਿੱਤੀ ਗਈ ।

ਮੇਅਰ ਜੀ ਨੇ ਇਸ ਸਬੰਧੀ ਕਮਿਸ਼ਨਰ ਜੀ ਨੂੰ ਜਵਾਬ ਦੇਣ ਲਈ ਹਦਾਇਤ ਕੀਤੀ ।

ਕਮਿਸ਼ਨਰ ਜੀ ਨੇ ਦੱਸਿਆ ਕਿ 1467 ਲਾਭਪਾਤਰੀ ਵਿੱਚੋਂ 364 ਲਾਭਪਾਤਰੀਆਂ ਨੂੰ ਇੱਕ ਕਿਸਤ ਅਤੇ 73 ਲਾਭਪਾਤਰੀਆਂ ਨੂੰ ਦੋ ਕਿਸਤਾਂ ਦਿੱਤੀਆਂ ਜਾ ਚੁੱਕੀਆਂ ਹਨ ਅਤੇ ਲਗਭਗ 200 ਲਾਭਪਾਤਰੀਆਂ ਦੀਆਂ ਮਿਸਲਾਂ ਅੰਡਰ ਪ੍ਰੋਸੈਸ ਹਨ। ਇਸ ਸਕੀਮ ਤਹਿਤ ਇੱਕ ਕਰੋੜ ਰੁਪਏ ਆਏ ਹਨ ਉਹ ਸਬੰਧਤ ਲਾਭਪਾਤਰੀ ਜਿਹੜੇ ਸਰਕਾਰ ਦੀਆਂ ਸ਼ਰਤਾਂ ਪੂਰੀਆਂ ਕਰਦੇ ਹਨ, ਨੂੰ ਭੇਜ਼ ਦਿੱਤੇ ਜਾਣਗੇ ।

ਸ੍ਰੀ ਦੇਸ ਰਾਜ ਜੱਸਲ, ਕੌਂਸਲਰ ਨੇ ਬੋਲਦਿਆਂ ਕਿਹਾ ਕਿ ਸੈਕਰਡ ਹਾਰਟ ਹਸਪਤਾਲ ਦੀ ਕੋਈ ਪਾਰਕਿੰਗ ਨਹੀਂ ਹੈ। ਇੱਥੇ ਸੜਕ ਦੇ ਦੋਵੇਂ ਪਾਸੇ ਗੱਡੀਆਂ ਖੜੀਆਂ ਰਹਿੰਦੀਆਂ ਹਨ । ਸਾਲ 2005 ਵਿੱਚ ਇੱਥੇ ਪਾਰਕ ਬਣਿਆ ਹੋਇਆ ਸੀ । ਉਸ ਪਾਰਕ ਨੂੰ ਇਸ ਹਸਪਤਾਲ ਵਾਲਿਆਂ ਨੇ ਪਾਰਕਿੰਗ ਬਨਾ ਦਿੱਤੀ ਅਤੇ ਵਾਹਨਾਂ ਤੋਂ 5 ਰੁਪਏ, 10 ਰੁਪਏ, 20 ਰੁਪਏ ਬਤੌਰ ਪਾਰਕਿੰਗ ਫੀਸ ਲੈਂਦੇ ਹਨ ।ਨਗਰ ਨਿਗਮ ਨੇ ਇਸ ਪਾਰਕਿੰਗ ਦਾ ਠੇਕਾ ਦਿੱਤਾ ਸੀ ਅਤੇ ਚਾਰ ਸਾਲਾਂ ਬਾਅਦ ਇਹ ਠੇਕਾ ਬੰਦ ਕਰ ਦਿੱਤਾ ਗਿਆ ਅਤੇ ਦੋਬਾਰਾ ਇਹ ਠੇਕਾ ਕਿਉਂ ਨਹੀਂ ਦਿੱਤਾ ਗਿਆ । ਇਸ ਹਸਪਤਾਲ ਦੇ ਨਕਸ਼ੇ ਦੀ ਮਿਸਲ ਵੀ ਚੈਕ ਕੀਤੀ ਜਾਵੇ ਕਿਉਂਜੋ ਇੱਥੇ 16 ਬਿਲਡਿੰਗਾਂ ਬਣ ਚੁੱਕੀਆਂ ਹਨ ।ਉਹਨਾਂ ਦੀ ਪੜਤਾਲ ਕੀਤੀ ਜਾਵੇ । ਪ੍ਰਾਪਰਟੀ ਟੈਕਸ ਪੂਰਾ ਆ ਰਿਹਾ ਹੈ ਜਾਂ ਨਹੀਂ ਚੈਕ ਕੀਤਾ ਜਾਵੇ ਕਿਉਂ ਜ਼ੋ ਇੱਥੇ ਇੱਕ ਕਮਰੇ ਦਾ ਕਿਰਾਇਆ 6500/- ਰੁਪਏ ਅਤੇ ਬਾਕੀ ਕਮਰਿਆਂ ਦਾ ਕਿਰਾਇਆ 2800 ਤੋਂ 3000 ਰੁਪਏ ਵਸੂਲਦੇ ਹਨ । ਕਿੰਨੀਆਂ ਬਿਲਡਿੰਗਾਂ ਬਗੈਰ ਨਕਸ਼ੇ ਤੋਂ ਬਣੀਆਂ ਹਨ, ਚੈਕ ਕੀਤੀਆਂ ਜਾਣ ।

ਮੇਅਰ ਜੀ ਨੇ ਐਮ.ਟੀ.ਪੀ. ਨੂੰ ਜਵਾਬ ਦੇਣ ਲਈ ਕਿਹਾ ।

ਐਮ.ਟੀ.ਪੀ. ਨੇ ਜਵਾਬ ਦਿੰਦਿਆਂ ਕਿਹਾ ਕਿ ਜਿਥੋਂ ਤੱਕ ਬਿਲਡਿੰਗ ਬਣਨ ਦੀ ਗੱਲ ਹੈ, ਉਸ ਬਾਰੇ ਸਬੰਧਤ ਕੌਂਸਲਰ ਨੂੰ ਚਾਰ ਦਿਨਾਂ ਵਿੱਚ ਜਵਾਬ ਦੇ ਦਿੱਤਾ ਜਾਵੇਗਾ ਅਤੇ ਪ੍ਰਾਪਰਟੀ ਟੈਕਸ ਸਬੰਧੀ ਪ੍ਰਾਪਰਟੀ ਟੈਕਸ ਸ਼ਾਖਾ ਤੋਂ ਪੁੱਛਿਆ ਜਾਵੇ ।

ਸ੍ਰੀ ਪ੍ਰਭਦਿਆਲ, ਕੌਂਸਲਰ ਨੇ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਾਊਸ ਦੀ ਮੀਟਿੰਗ ਵਿੱਚ ਹਰੇਕ ਕੌਂਸਲਰ ਨੇ ਆਪਣੀ ਗੱਲ ਰੱਖਣੀ ਹੁੰਦੀ ਹੈ ਅਤੇ 80 ਕੌਂਸਲਰ ਹਨ, ਇਸ ਲਈ ਪੂਰੇ ਦਿਨ ਦੀ ਮੀਟਿੰਗ ਰੱਖੀ ਜਾਇਆ ਕਰੇ । ਉਹਨਾਂ ਕਿਹਾ ਕਿ ਉਹਨਾਂ ਦੇ ਵਾਰਡ ਦੇ 25-30 ਪਰਿਵਾਰ ਆਪਣਾ ਮਕਾਨ ਢਾਹ ਕੇ ਬੈਠੇ ਹਨ ਅਤੇ ਲੋਕਾਂ ਤੋਂ 5% ਤੋਂ 10% ਵਿਆਜ ਤੇ ਪੈਸੇ ਲੈ ਕੇ ਆਪਣੇ ਮਕਾਨ ਬਨਵਾ ਰਹੇ ਹਨ ਅਤੇ ਆਪ ਕਿਰਾਏ ਤੇ ਰਹਿ ਰਹੇ ਹਨ, ਉਹਨਾਂ ਨੂੰ ਜਲਦ ਪ੍ਰਧਾਨ ਮੰਤਰੀ ਆਵਾਸ ਯੋਜਨਾ ਦੇ ਪੈਸੇ ਦਿੱਤੇ ਜਾਣ ।ਉਹਨਾਂ ਇਹ ਵੀ ਮੰਗ ਕੀਤੀ ਕਿ ਜਿਹੜੇ ਓ ਐਂਡ ਐਮ ਸ਼ਾਖਾ ਦੇ 3.50-3.50 ਲੱਖ ਰੁਪਏ ਦੇ ਮੇਨਟੀਨੈਂਸ ਦੇ ਕੰਮ ਹਨ ਉਹ ਕੰਮ ਕਿਸ ਤਰ੍ਹਾਂ ਕੀਤਾ ਜਾਂਦਾ ਹੈ ਦੱਸਿਆ ਜਾਵੇ । ਉਹਨਾਂ ਦੇ ਵਾਰਡ ਦਾ ਕੰਮ ਸ੍ਰੀ ਕਾਲੀਆ, ਠੇਕੇਦਾਰ ਕੋਲ ਹੈ ਤੇ ਉਹ ਕੁਝ ਨਹੀਂ ਦੱਸਦਾ । ਉਹਨਾਂ ਇਹ ਵੀ ਮੰਗ ਕੀਤੀ ਕਿ ਉਹਨਾਂ ਦੇ ਵਾਰਡ ਵਿੱਚ ਪੈਂਦੇ ਪ੍ਰਾਇਮਰੀ ਸਰਕਾਰੀ ਸਕੂਲ ਦੇ ਬਾਹਰ ਨਜਾਇਜ਼ ਬਿਲਡਿੰਗਾਂ ਬਣੀਆਂ ਹੋਈਆਂ ਹਨ ਅਤੇ ਉਹਨਾਂ ਨੇ ਕਮਿਸ਼ਨਰ ਜੀ ਨੂੰ ਇਹਨਾਂ ਮੁਦਾਖ਼ਲਤਾਂ ਨੂੰ ਹਟਾਉਣ ਲਈ ਕਿਹਾ ਸੀ ਪਰ ਕੋਈ ਕਾਰਵਾਈ ਨਹੀਂ ਹੋਈ ।

ਮੇਅਰ ਜੀ ਨੇ ਦੱਸਿਆ ਕਿ ਇਸ ਮੰਤਵ ਲਈ ਸਰਕਾਰ ਪਾਸੋਂ ਚਾਰ ਕਰੋੜ ਰੁਪਏ ਮੰਗੇ ਗਏ ਸਨ ਪਰ ਸਿਰਫ ਇੱਕ ਕਰੋੜ ਰੁਪਏ ਹੀ ਪ੍ਰਾਪਤ ਹੋਏ ਹਨ । ਜਿਵੇਂ ਜਿਵੇਂ ਪੈਸੇ ਆਉਣਗੇ ਸਬੰਧਤ ਲਾਭਪਾਤਰੀਆਂ ਨੂੰ ਦੇ ਦਿੱਤੇ ਜਾਣਗੇ ।ਨਜਾਇਜ਼ ਬਿਲਡਿੰਗਾਂ ਬਾਰੇ ਉਹਨਾਂ ਐਮ.ਟੀ.ਪੀ. ਨੂੰ ਜਵਾਬ ਦੇਣ ਲਈ ਕਿਹਾ ।

ਐਮ.ਟੀ.ਪੀ. ਨੇ ਜਵਾਬ ਦਿੰਦਿਆਂ ਕਿਹਾ ਕਿ ਇਹਨਾਂ ਮੁਦਾਖ਼ਲਤਾਂ ਦਾ ਸਰਵੇ ਕਰਵਾਇਆ ਗਿਆ ਹੈ ਅਤੇ ਸ਼ੋ ਕਾਜ਼ ਨੋਟਿਸ ਜਾਰੀ ਕੀਤੇ ਗਏ ਸਨ । ਉਸ ਉਪਰੰਤ ਇਹਨਾਂ ਬਿਲਡਿੰਗਾਂ ਵਾਲਿਆਂ ਨੇ ਆਪਣੇ-ਆਪਣੇ ਦਸਤਾਵੇਜ਼ ਜਮ੍ਹਾਂ ਕਰਵਾਏ ਸਨ ਅਤੇ ਇਸ ਸਬੰਧੀ ਮੇਅਰ ਜੀ ਨਾਲ ਅਤੇ ਸੰਯੁਕਤ ਕਮਿਸ਼ਨਰ (ਐਚ) ਜੀ ਨਾਲ ਵੀ ਮੀਟਿੰਗਾਂ ਹੋਈਆਂ ਹਨ ਪਰ ਕੋਈ ਸਿੱਟਾ ਅਜੇ ਨਹੀਂ ਨਿਕਲਿਆ ਹੈ ।ਇਸ ਤੇ ਮੇਅਰ ਜੀ ਨੇ ਹਦਾਇਤ ਕੀਤੀ ਸ੍ਰੀ ਪ੍ਰਭਦਿਆਲ ਕੌਂਸਲਰ ਨੂੰ ਇਸ ਮਾਮਲੇ ਵਿੱਚ ਸ਼ਾਮਲ ਕੀਤਾ ਜਾਵੇ ।

ਸ੍ਰੀ ਵਰੇਸ਼ ਕੁਮਾਰ, ਕੌਂਸਲਰ ਨੇ ਬੋਲਦਿਆਂ ਕਿਹਾ ਕਿ ਵਾਰਡ ਨੰ: 40 ਅਤੇ 41 ਦਾ ਆਪਣਾ ਕੋਈ ਡੰਪ ਨਹੀਂ ਹੈ । ਇਨ੍ਹਾ ਦੋਵੇਂ ਵਾਰਡਾਂ ਦਾ ਕੂੜਾ ਪਿਛਲੇ 20 ਸਾਲਾਂ ਤੋਂ ਡਿਪਟੀ ਮੇਅਰ ਜੀ ਦੇ ਵਾਰਡ ਵਿੱਚ ਬਣੇ ਡੰਪ ਤੇ ਜਾਂਦਾ ਸੀ, ਹੁਣ ਸਾਨੂੰ ਉਥੇ ਕੂੜਾ ਨਹੀਂ ਸੁੱਟਣ ਦਿੱਤਾ ਜਾ ਰਿਹਾ ।ਬੇਨਤੀ ਹੈ ਕਿ ਜਾਂ ਤਾਂ ਨਗਰ ਨਿਗਮ ਜਗ੍ਹਾ ਲੈ ਕੇ ਡੰਪ ਬਨਵਾਏ ਜਾਂ ਹਾਊਸ ਪਾਲਿਸੀ ਬਨਾਏ ਕਿ ਵਾਰਡ ਦਾ ਕੂੜਾ ਉਸੇ ਵਾਰਡ ਵਿੱਚ ਹੀ ਸੁੱਟਿਆ ਜਾਵੇ । ਉਹਨਾਂ ਇਹ ਵੀ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ 11 ਸਫਾਈ ਸੇਵਕ ਹਨ ਜਿਨ੍ਹਾਂ

ਵਿੱਚੋਂ ਦੋ ਬਿਮਾਰ ਹਨ ਅਤੇ ਸਿਰਫ 3-4 ਸਫਾਈ ਸੇਵਕ ਹੀ ਕੰਮ ਕਰ ਰਹੇ ਹਨ । ਇਸ ਤੋਂ ਇਲਾਵਾ ਉਹਨਾਂ ਗੰਦੇ ਪਾਣੀ ਦੀ ਸੱਮਸਿਆ ਵੀ ਉਠਾਈ ।ਉਹਨਾਂ ਕਿਹਾ ਕਿ 69" ਸੀਵਰੇਜ਼ ਪਾਈਪ ਦੇ ਪਾਣੀ ਨੂੰ ਕੰਨਵਰਟ ਕੀਤਾ ਹੈ ਪਰ ਪੁਖ਼ਤਾ ਇੰਤਜ਼ਾਮ ਨਹੀਂ ਹਨ। ਅੱਧੀ ਵਾਰਡ ਅਤੇ ਦਸ਼ਮੇਸ਼ ਨਗਰ ਵਿਖੇ ਸੀਵਰੇਜ਼ ਦੀ ਗੰਭੀਰ ਸੱਮਸਿਆ ਬਣੀ ਹੋਈ ਹੈ ।

ਮੇਅਰ ਜੀ ਨੇ ਐਸ.ਈ.(ਓ ਐਂਡ ਐਮ) ਨੂੰ ਕੌਂਸਲਰ ਨੂੰ ਨਾਲ ਲੈ ਕੇ ਚੈਕ ਕਰਨ ਲਈ ਹਦਾਇਤ ਕੀਤੀ ।

ਸ੍ਰੀ ਵਰੇਸ਼ ਕੁਮਾਰ, ਕੌਂਸਲਰ ਨੇ ਅੱਗੇ ਬੋਲਦਿਆਂ ਕਿਹਾ ਕਿ 15 ਦਿਨਾਂ ਬਾਅਦ ਕੂੜਾ ਚੁੱਕਣ ਵਾਲੀ ਗੱਡੀ ਆਉਂਦੀ ਹੈ। ਉਹਨਾਂ ਇਹ ਵੀ ਕਿਹਾ ਕਿ ਉਹਨਾਂ ਨੇ ਸ੍ਰੀ ਵਿਕਾਸ ਦੁਆ, ਏ.ਟੀ.ਪੀ. ਨੂੰ 38 ਨਿਰਮਾਣ ਦਿਖਾਏ ਸਨ ਜਿਸ ਬਾਰੇ ਏ.ਟੀ.ਪੀ. ਨੇ ਦੱਸਿਆ ਕਿ 15 ਨਿਰਮਾਣਾਂ ਦੀਆਂ ਮਿਸਲਾਂ ਜਮ੍ਹਾਂ ਹਨ, ਬਾਕੀਆਂ ਨੂੰ ਉਹ ਨੋਟਿਸ ਜਾਰੀ ਕਰ ਰਹੇ ਹਨ । ਦੱਸਿਆ ਜਾਵੇ ਕਿ ਕਿੰਨੇ ਨਿਰਮਾਣ ਪਾਸ ਹਨ ਤੇ ਕਿੰਨੇ ਨਜਾਇਜ਼ ।

ਮੇਅਰ ਜੀ ਨੇ ਐਮ.ਟੀ.ਪੀ. ਨੂੰ ਜਵਾਬ ਦੇਣ ਲਈ ਕਿਹਾ । ਐਮ.ਟੀ.ਪੀ. ਨੇ ਜਵਾਬ ਦਿੱਤਾ ਕਿ ਤਿੰਨ ਦਿਨਾਂ ਦੇ ਅੰਦਰ ਅੰਦਰ ਜਵਾਬ ਦੇ ਦਿੱਤਾ ਜਾਵੇਗਾ ।

ਸ੍ਰੀ ਵਰੇਸ਼ ਕੁਮਾਰ, ਕੌਂਸਲਰ ਨੇ ਅੱਗੇ ਬੋਲਦਿਆਂ ਕਿਹਾ ਕਿ ਉਹਨਾਂ ਨੇ ਆਪਣੇ ਵਾਰਡ ਵਿੱਚੋਂ ਆਵਾਰਾ ਜਾਨਵਰ ਚੁੱਕਵਾਏ ਸਨ ਪਰ ਬਿਮਾਰ ਜਾਨਵਰਾਂ ਨੂੰ ਨਹੀਂ ਚੁੱਕਿਆ ਜਾ ਰਿਹਾ । ਪਿੱਛੇ ਜਿਹੇ ਸੀਨੀਅਰ ਡਿਪਟੀ ਮੇਅਰ ਜੀ ਦੇ ਵਾਰਡ ਵਿੱਚ ਵੀ ਇੱਕ ਜਾਨਵਰ ਭੂਤਰ ਗਿਆ ਸੀ । ਨਗਰ ਨਿਗਮ ਕੋਲ ਕੋਈ ਇੰਤਜ਼ਾਮ ਨਹੀਂ ਹੈ । ਜੇਕਰ ਕੋਈ ਕੁੱਤਾ ਹਲਕਿਆ ਹੁੰਦਾ ਹੈ, ਉਸ ਨੂੰ ਵੀ ਨਗਰ ਨਿਗਮ ਦੇ ਕਰਮਚਾਰੀ ਨਹੀਂ ਲਿਜਾਂਦੇ ।

ਮੇਅਰ ਜੀ ਨੇ ਜਵਾਬ ਦਿੰਦਿਆਂ ਕਿਹਾ ਕਿ ਬਿਮਾਰ ਜਾਨਵਰਾਂ ਨੂੰ ਅਸੀਂ ਕਾਨੂੰਨਨ ਨਹੀਂ ਚੁੱਕ ਸਕਦੇ ਪਰ ਟਰੀਟਮੈਂਟ ਲਈ ਇੰਤਜ਼ਾਮ ਕਰ ਸਕਦੇ ਹਾਂ ।

ਸ੍ਰੀ ਵਰੇਸ਼ ਕੁਮਾਰ, ਕੌਂਸਲਰ ਨੇ ਮੁੜ ਬੋਲਦਿਆਂ ਕਿਹਾ ਕਿ ਮੇਅਰ ਸਾਹਿਬ ਤੁਸੀਂ ਐਡਵਰਟਾਈਜ਼ਮੈਂਟ ਸਕੈਮ ਦਾ ਖੁਲਾਸਾ ਕੀਤਾ ਸੀ । ਤੁਹਾਡੇ ਬਿਆਨ ਸੀ ਕਿ 26 ਯੂਨੀਪੋਲ ਨਿਯਮਾਂ ਦੇ ਮੁਤਾਬਕ ਨਹੀਂ ਹਨ, ਸਬੰਧੀ ਕੀ ਕਾਰਵਾਈ ਕੀਤੀ ਗਈ ਹੈ। ਪੰਜਾਬ ਕੇਸਰੀ ਅਖ਼ਬਾਰ ਵਿੱਚ ਇਹ ਬਿਆਨ ਛਪਿਆ ਸੀ । ਤੁਸੀਂ ਐਲ.ਈ.ਡੀ. ਅਤੇ ਰੋਡ ਸਵੀਪਿੰਗ ਮਸ਼ੀਨ ਪ੍ਰੋਜੈਕਟਾਂ ਨੂੰ ਘੁਟਾਲਾ ਕਹਿ ਕੇ ਰੱਦ ਕਰਵਾ ਦਿੱਤਾ ।

ਮੇਅਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਤੁਹਾਡੀ ਮੰਗ ਹੈ ਤਾਂ ਐਡਵਰਟਾਈਜ਼ਮੈਂਟ, ਐਲ.ਈ.ਡੀ. ਪ੍ਰੋਜੈਕਟ ਅਤੇ ਰੋਡ ਸਵੀਪਿੰਗ ਮਸ਼ੀਨ ਲਈ ਵੱਖਰੀ ਮੀਟਿੰਗ 15-20 ਦਿਨਾਂ ਵਿਚ ਕਰ ਲਈ ਜਾਵੇਗੀ ।

ਸ੍ਰੀ ਪਰਮਜੋਤ ਸਿੰਘ ਸ਼ੈਰੀ ਚੱਡਾ, ਕੌਂਸਲਰ ਨੇ ਪੰਜਾਬ ਕੇਸਰੀ ਅਖ਼ਬਾਰ ਦਿਖਾਂਉਂਦੇ ਹੋਏ ਮੰਗ ਕੀਤੀ ਕਿ ਨਗਰ ਨਿਗਮ ਜਲੰਧਰ ਦੀ ਸੀਵਰ ਜੈਟਿੰਗ ਮਸ਼ੀਨ ਕਿਸ ਅਧਿਕਾਰੀ ਦੇ ਕਹਿਣ ਤੇ ਜਲੰਧਰ ਛਾਉਣੀ ਵਿਖੇ ਕੰਮ ਕਰਨ ਲਈ ਗਈ ਹੈ, ਦੀ ਜਾਂਚ ਕਰਵਾਈ ਜਾਵੇ ਅਤੇ ਕਾਰਵਾਈ ਕੀਤੀ ਜਾਵੇ ।ਸਾਨੂੰ ਦੋ-ਦੋ, ਤਿੰਨ-ਤਿੰਨ ਦਿਨ ਇਹ ਮਸ਼ੀਨ ਨਹੀਂ ਮਿਲਦੀ ਅਤੇ ਜਲੰਧਰ ਛਾਉਣੀ ਨੂੰ ਕਿਸ ਤਰ੍ਹਾਂ ਮਿਲ ਗਈ ।

ਸ੍ਰੀਮਤੀ ਪਰਵੀਨਾ ਮੰਨੂ, ਕੌਂਸਲਰ ਨੇ ਇਸ ਦਾ ਸਮਰਥਨ ਕਰਦਿਆਂ ਕਿਹਾ ਕਿ ਉਹ ਜਲੰਧਰ ਛਾਉਣੀ ਕਿਸੇ ਫੰਕਸ਼ਨ ਨੂੰ ਅਟੈਂਡ ਕਰਨ ਲਈ ਗਏ ਸਨ ਤਾਂ ਉਹਨਾਂ ਨੂੰ ਇਹ ਸੁੰਨਣਾ ਪਿਆ ਕਿ ਫਰਵਰੀ, 2020 ਵਿੱਚ ਇਥੇ ਇਲੈਕਸ਼ਨ ਹਨ ਅਤੇ ਤੁਸੀਂ ਹੁਣ ਇੰਝ ਮਸ਼ੀਨਾਂ ਭੇਜ਼ ਕੇ ਇਲੈਕਸ਼ਨ ਜਿਤੋਗੇ ।

ਮੇਅਰ ਜੀ ਨੇ ਕਿਹਾ ਕਿ ਜਿਵੇਂ ਹੀ ਮੈਨੂੰ ਇਸ ਬਾਰੇ ਫੋਨ ਆਇਆ ਸੀ ਮੈਂ ਉਸੇ ਵੇਲੇ ਕਮਿਸ਼ਨਰ ਜੀ ਨੂੰ ਕਿਹਾ ਸੀ ਕਿ ਚੈਕ ਕਰੋ ।ਉਹਨਾਂ ਐਸ.ਈ. (ਓ ਐਂਡ ਐਮ) ਨੂੰ ਜਵਾਬ ਦੇਣ ਲਈ ਕਿਹਾ ਜਿਨਾਂ ਨੇ ਦੱਸਿਆ ਕਿ ਰਾਮਾ ਮੰਡੀ ਦੇ ਐਸ.ਡੀ.ਓ. ਨੂੰ ਜਵਾਬ ਦੇਣ ਲਈ ਕਿਹਾ ਹੈ ਅਤੇ ਦੋ ਦਿਨਾਂ ਵਿੱਚ ਇਨਕੁਆਰੀ ਕਰਕੇ ਰਿਪੋਰਟ ਦੇ ਦਿੱਤੀ ਜਾਵੇਗੀ ।

ਸ੍ਰੀ ਤਰਸੇਮ ਸਿੰਘ ਲਖੋਤਰਾ, ਕੌਂਸਲਰ ਨੇ ਕਿਹਾ ਕਿ ਵਾਰਡ ਨੰ: 34,35 ਅਤੇ 36 ਦਾ ਇੱਕ ਸਾਂਝਾ ਪਾਰਕ ਹੈ ਜਿਸ ਨੂੰ ਭਗਤ ਬੁੱਡਾ ਮੱਲ ਪਾਰਕ ਕਿਹਾ ਜਾਂਦਾ ਹੈ, ਦੀ ਬਹੁਤ ਮਾੜੀ ਹਾਲ਼ਤ ਹੈ । ਦਰਖ਼ਤਾਂ ਦੀ ਚੰਗੀ ਤਰ੍ਹਾਂ ਛੰਗਾਈ ਨਹੀਂ ਹੋ ਰਹੀ ਹੈ, ਨਾ ਪਾਣੀ ਹੈ ਨਾਂ ਮਾਲੀ ਹੈ । ਸਾਨੂੰ ਦੋ ਸਾਲ ਹੋ ਗਏ ਕਹਿ ਕਹਿ ਕੇ ਪਰ ਕੋਈ ਸੁਣਵਾਈ ਨਹੀਂ ਹੋ ਰਹੀ । ਸ੍ਰੀ ਬਚਨ ਲਾਲ, ਕੌਂਸਲਰ ਨੇ ਉਹਨਾਂ ਦਾ ਸਮਰਥਨ ਕਰਦਿਆਂ ਕਿਹਾ ਕਿ ਇਸ ਪਾਰਕ ਨੂੰ ਸਮਾਰਟ ਸਿਟੀ ਪ੍ਰੋਜੈਕਟ ਵਿੱਚ ਸ਼ਾਮਲ ਕਰ ਲਿਆ ਜਾਵੇ ਸ੍ਰੀ ਤਰਸੇਮ ਸਿੰਘ ਲਖੋਤਰਾ, ਕੌਂਸਲਰ ਨੇ ਅੱਗੇ ਬੋਲਦਿਆਂ ਕਿਹਾ ਕਿ ਟਾਹਲੀ ਵਾਲੇ ਚੌਂਕ ਵਿਖੇ ਨਵਾ ਟਿਊਬਵੈਲ ਲਗਾਉਣ ਲਈ ਉਹਨਾਂ ਨੇ ਸ੍ਰੀ ਗੁਰਸ਼ਰਨ ਸਿੰਘ, ਐਸ.ਡੀ.ਓ. ਨੂੰ ਕਿਹਾ ਸੀ ਪਰ ਕੋਈ ਕਾਰਵਾਈ ਨਹੀਂ ਹੋਈ ਕਿਉਂ ਜ਼ੋ ਇਸ ਜਗ੍ਹਾ ਤੇ ਪਾਣੀ ਦੀ ਬਹੁਤ ਕਮੀ ਹੈ ।

ਕਮਿਸ਼ਨਰ ਜੀ ਨੇ ਦੱਸਿਆ ਕਿ ਭਗਤ ਬੁੱਡਾ ਮੱਲ ਪਾਰਕ ਨੂੰ ਸਮਾਰਟ ਸਿਟੀ ਪ੍ਰੋਜੈਕਟ ਦੇ ਤੀਜੇ ਫੇਸ ਵਿੱਚ ਲਿਆ ਹੋਇਆ ਹੈ ।

ਸ੍ਰੀਮਤੀ ਰਿਸ਼ਾ ਸੈਣੀ, ਕੌਂਸਲਰ ਨੇ ਬੋਲਦਿਆਂ ਕਿਹਾ ਕਿ ਬੁਲੰਦਪੁਰ ਰੋਡ ਅਤੇ ਗਦਈਪੁਰ ਵਿਖੇ ਸੀਵਰੇਜ਼ ਦੀ ਬਹੁਤ ਪ੍ਰਾਬਲਮ ਹੈ । ਰਾਜਾ ਗਾਰਡਨ ਵਿਖੇ ਪਾਣੀ ਦੀ ਲੀਕੇਜ਼ ਹੈ।

ਮੇਅਰ ਜੀ ਨੇ ਸ੍ਰੀ ਹਰਮੇਸ਼ ਲਾਲ, ਕਾਰਜਕਾਰੀ ਇੰਜੀਨਿਅਰ ਨੂੰ ਜਵਾਬ ਦੇਣ ਲਈ ਕਿਹਾ ਤਾਂ ਉਹਨਾਂ ਕਿਹਾ ਕਿ ਕਲ੍ਹ ਇਹ ਲੀਕੇਜ਼ ਠੀਕ ਕਰਵਾ ਦਿੱਤੀ ਜਾਵੇਗੀ ।

ਸ੍ਰੀਮਤੀ ਬਲਜਿੰਦਰ ਕੋਰ, ਕੌਂਸਲਰ ਨੇ ਬੋਲਦਿਆਂ ਕਿਹਾ ਕਿ ਉਹਨਾਂ ਦੇ ਵਾਰਡ ਵਿਖੇ ਕੋਈ ਕੰਮ ਨਹੀਂ ਹੋ ਰਹੇ ਨਾ ਤਾਂ ਸਫਾਈ ਸੇਵਕ ਹਨ, ਨਾ ਸੀਵਰਮੈਨ । 10 ਲੱਖ ਰੁਪਏ ਦੇ ਮੇਨਟੀਨੈਂਸ ਦੇ ਟੈਂਡਰ ਲੈਣ ਵਾਲਾ ਇੱਕ ਮਹਿੰਦਰ ਪਾਲ, ਠੇਕੇਦਾਰ ਕੰਮ ਕਰਨ ਲਈ ਆਇਆ ਸੀ, ਉਹ ਵੀ ਭੱਜ ਗਿਆ । ਅਸੀਂ ਆਪਣੇ ਖ਼ਰਚੇ ਤੇ 13000/- ਨਾਲ ਇੱਕ ਰੇਹੜਾ ਖ਼ਰੀਦਿਆ । ਧੋਗੜੀ ਰੋਡ ਤੇ ਗੰਦਾ ਪਾਣੀ ਆ ਰਿਹਾ ਹੈ ।ਮੋਟਰ ਲਗਾਉਣ ਲਈ ਟੈਂਡਰ ਨਹੀਂ ਲਗਾਇਆ ਜਾ ਰਿਹਾ ।

ਸ੍ਰੀ ਬਲਜੀਤ ਸਿੰਘ ਥਿੰਦ, ਕੌਂਸਲਰ ਨੇ ਆਪਣੇ ਵਾਰਡ ਵਿੱਚ ਪੈਂਦੇ ਅਰਜੁਨ ਨਗਰ ਵਿਖੇ ਸੀਵਰੇਜ਼ ਯੁਕਤ ਪਾਣੀ ਦੀ ਬੋਤਲ ਮੇਅਰ ਜੀ ਨੂੰ ਦਿੱਤੀ ਅਤੇ ਕਿਹਾ ਕਿ ਇੱਕ ਮਹੀਨੇ ਤੋਂ ਲੋਕ ਗੰਦਾ ਪਾਣੀ ਪੀ ਰਹੇ ਹਨ ਪਰ ਕੋਈ ਸੁਣਵਾਈ ਨਹੀਂ ਹੋ ਰਹੀ ।

ਮੇਅਰ ਜੀ ਨੇ ਜਵਾਬ ਦਿੰਦਿਆਂ ਕਿਹਾ ਕਿ ਬਤੌਰ ਕੌਂਸਲਰ ਤੁਹਾਡੀ ਡਿਊਟੀ ਹੈ ਕਿ ਅਜਿਹੀਆਂ ਸ਼ਕਾਇਤਾਂ ਵੱਲ ਖ਼ੁਦ ਧਿਆਨ ਦਿੱਤਾ ਜਾਵੇ । ਤੁਸੀਂ ਕਲ੍ਹ ਹੀ ਮੇਰੇ ਨਾਲ ਇਹ ਗੱਲ ਕੀਤੀ ਹੈ । ਮਹੀਨਾ ਪਹਿਲਾਂ ਤੁਸੀਂ ਕੋਈ ਗੱਲ ਨਹੀਂ ਕੀਤੀ ਅਤੇ ਅੱਜ ਹਾਊਸ ਵਿੱਚ ਆ ਕੇ ਇਹ ਗੱਲ ਕਰ ਰਹੇ ਹੋ । ਉਹਨਾਂ ਐਸ.ਈ.(ਓ ਐਂਡ ਐਮ) ਨੂੰ ਜਵਾਬ ਦੇਣ ਲਈ ਹਦਾਇਤ ਕੀਤੀ ।

ਐਸ.ਈ. (ਓ ਐਂਡ ਐਮ) ਨੇ ਜਵਾਬ ਦਿੰਦਿਆਂ ਕਿਹਾ ਕਿ ਕਲ੍ਹ ਸਵੇਰੇ ਹੀ ਇਹ ਸ਼ਕਾਇਤ ਦਰੁਸਤ ਕਰਵਾ ਦਿੱਤੀ ਜਾਵੇਗੀ ।

ਸ੍ਰੀ ਬਲਜੀਤ ਸਿੰਘ ਥਿੰਦ, ਕੌਂਸਲਰ ਨੇ ਅੱਗੇ ਬੋਲਦਿਆਂ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਸੀਵਰੇਜ਼ ਦੀ ਸਫਾਈ ਸੁਪਰਸਕੱਸ਼ਨ ਮਸ਼ੀਨ ਨਾਲ ਕਰਵਾਉਣ ਲਈ 33 ਲੱਖ ਰੁਪਏ ਦਾ ਕੰਮ ਪਾਸ ਹੈ ਪਰ ਕੰਮ ਨਹੀਂ ਹੋ ਰਿਹਾ ਹੈ । ਉਹਨਾਂ ਇਹ ਵੀ ਕਿਹਾ ਕਿ ਐਲ.ਐਸ.ਓ. ਨੂੰ ਉਹਨਾਂ ਦੇ ਪਾਰਕਾਂ ਵਿੱਚ ਲੱਗੇ ਦਰਖ਼ਤਾਂ ਦੀ ਛੰਗਾਈ ਲਈ ਦੋ ਮਹੀਨਿਆਂ ਤੋਂ ਕਿਹਾ ਜਾ ਰਿਹਾ ਹੈ ਪਰ ਕੰਮ ਨਹੀਂ ਹੋ ਰਿਹਾ । ਦਰਖਤਾਂ ਦੀਆ ਟਾਹਨੀਆਂ ਲੋਕਾਂ ਦੇ ਘਰਾਂ ਵਿੱਚ ਜਾ ਰਹੀਆਂ ਹਨ । ਕਲ੍ਹ ਲੋਕਾਂ ਨੇ ਆਪ ਛੰਗਾਈ ਕਰਵਾਈ ਤਾਂ ਮਹਿਕਮੇ ਵਲੋਂ ਇਤਰਾਜ਼ ਕੀਤਾ ਜਾਂਦਾ ਹੈ । ਉਹਨਾਂ ਰੇਲਵੇ ਸਟੇਸ਼ਨ ਤੋਂ ਲਾਡੋਵਾਲੀ ਰੋਡ ਵਿਖੇ ਐਲ.ਈ.ਡੀ. ਲਾਈਟਾਂ ਲਗਾਉਣ ਦੀ ਮੰਗ ਵੀ ਕੀਤੀ

ਸ੍ਰੀ ਮਦਨ ਲਾਲ ਖਿੰਦਰ, ਕੌਂਸਲਰ ਨੇ ਮੰਗ ਕੀਤੀ ਕਿ ਉਹਨਾਂ ਦੇ ਵਾਰਡ ਵਿੱਚ 3-4 ਸੀਵਰਮੈਨ ਦਿੱਤੇ ਜਾਣ ਕਿਉਂ ਜ਼ੋ ਉਹਨਾਂ ਦੇ ਵਾਰਡ ਵਿੱਚ ਸੀਵਰੇਜ਼ ਦੀ ਬਹੁਤ ਗੰਭੀਰ ਸੱਮਸਿਆ ਹੈ ।

ਸ੍ਰੀ ਓਮਕਾਰ ਰਾਜੀਵ ਟਿੱਕਾ, ਕੌਂਸਲਰ ਨੇ ਬੋਲਦਿਆਂ ਕਿਹਾ ਕਿ ਪਿਛਲੀ ਮੀਟਿੰਗ ਵਿੱਚ ਵੀ ਉਹਨਾਂ ਨੇ ਸਵਾਲ ਉਠਾਇਆ ਸੀ ਕਿ ਬਿਲਡਿੰਗ ਇੰਸਪੈਕਟਰ ਸ੍ਰੀ ਨਿਰਮਲਜੀਤ ਵਰਮਾ ਨੂੰ ਹਾਊਸ ਵਲੋਂ ਸਸਪੈਂਡ ਕੀਤਾ ਗਿਆ ਸੀ ਬਾਰੇ ਕੀ ਕਾਰਵਾਈ ਕੀਤੀ ਗਈ ਹੈ । ਉਸ ਦੀ ਲਾਗਬੁਕ ਕਿਉਂ ਸੀਲ ਨਹੀਂ ਕੀਤੀ ਗਈ । ਉਹਨਾਂ ਵਲੋਂ ਮਿਤੀ 5.4.2018 ਨੂੰ ਸ਼ਕਾਇਤ ਕੀਤੀ ਗਈ ਸੀ ਪਰ ਕੋਈ ਜਵਾਬ ਨਹੀਂ ਆਇਆ ।

ਮੇਅਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਅਸੀਂ ਬੈਠ ਕੇ ਗੱਲ ਕਰਾਂਗੇ ।

ਸ੍ਰੀ ਓਮਕਾਰ ਰਾਜੀਵ ਟਿੱਕਾ, ਕੌਂਸਲਰ ਨੇ ਅੱਗੇ ਬੋਲਦਿਆਂ ਕਿਹਾ ਕਿ ਜਿਹੜੇ ਪਾਰਕ ਅਜ਼ਾਦੀ ਘੁਲਾਟੀਆਂ ਦੇ ਨਾਮ ਤੇ ਹਨ ਉਹ ਉਥੋਂ ਦੇ ਵਸਨੀਕਾਂ ਨੂੰ ਹੀ ਦੇਖਭਾਲ ਲਈ ਦਿੱਤੇ ਜਾਣ । ਪਿੱਛੇ ਜਿਹੇ ਇਹਨਾਂ ਪਾਰਕਾਂ ਦੀ ਦੇਖਭਾਲ ਲਈ ਟੈਂਡਰ ਕੱਢੇ ਸਨ। ਅਸੀਂ ਪਹਿਲਾਂ ਜਿਹਨਾਂ ਅਜ਼ਾਦੀ ਘੁਲਾਟੀਆਂ ਦੇ ਨਾਮ ਤੇ ਪਾਰਕ ਬਣੇ ਹੋਏ ਹਨ ਪਹਿਲਾਂ ਉਹਨਾਂ ਦੇ ਪਰਿਵਾਰਾਂ ਨੂੰ ਉਹਨਾਂ ਪਾਰਕਾਂ ਦੀ ਦੇਖਭਾਲ ਲਈ ਚਾਰਜ ਦਈਏ । ਜੇਕਰ ਉਹ ਮਨਾ ਕਰਦੇ ਹਨ ਤਾਂ ਮੁੱਹਲਾ ਵੈਲਫੇਅਰ ਸੁਸਾਇਟੀਆਂ ਨੂੰ ਅਤੇ ਜੇਕਰ ਮੁੱਹਲਾ ਵੈਲਫੇਅਰ ਸੁਸਾਇਟੀਆਂ ਨਹੀਂ ਕਰਦੀਆਂ ਤਾਂ ਕਿਸੇ ਐਨ.ਜੀ.ਓਜ਼ ਨੂੰ ਦਈਏ ।ਨਗਰ ਨਿਗਮ ਅਜਿਹੀਆਂ ਪਾਰਕਾਂ ਦੀ ਦੇਖਭਾਲ ਕਮਰਸ਼ੀਅਲ ਅਦਾਰਿਆਂ ਨੂੰ ਦੇ ਦਿੰਦੀ ਹੈ ਜ਼ੋ ਇਹਨਾਂ ਪਾਰਕਾਂ ਦੀ ਦੇਖਭਾਲ ਤਾਂ ਕਰਦੇ ਨਹੀਂ ਸਗੋਂ ਆਪਣੇ ਐਡਵਰਟਾਈਜ਼ਮੈਂਟ ਦੇ ਵੱਡੇ ਵੱਡੇ ਬੋਰਡ ਲਗਾ ਲੈਂਦੇ ਹਨ ਜਦ ਕਿ ਪਾਰਕਾਂ ਦੀ ਦੇਖਭਾਲ ਲਈ 2000/- ਰੁਪਏ ਵਿੱਚ ਮਾਲੀ ਰੱਖਿਆ ਜਾ ਸਕਦਾ ਹੈ । ਉਹਨਾਂ ਵਾਰਡ ਵਿੱਚ ਕੂੜੇ ਦੇ ਢੇਰਾਂ ਦਾ ਮੁੱਦਾ ਉਠਾਇਆ ਅਤੇ ਕਿਹਾ ਕਿ ਠੇਕੇਦਾਰ ਸੱਤਪਾਲ ਕਹਿੰਦਾ ਹੈ ਕਿ ਅਜੇ ਮੇਰਾ ਟੈਂਡਰ ਪਾਸ ਨਹੀਂ ਹੋਇਆ । ਅਸੀਂ ਕੂੜੇ ਦੀ ਲਿਫਟਿੰਗ ਨੂੰ ਸੀਰਿਅਸਲੀ ਨਹੀਂ ਲੈ ਰਹੇ । ਡੰਪਾਂ ਤੋਂ 7-8 ਦਿਨ ਤੱਕ ਕੂੜਾ ਨਹੀਂ ਚੁੱਕਿਆ ਜਾ ਰਿਹਾ ।

ਸ੍ਰੀਮਤੀ ਰਜਨੀ ਬਾਹਰੀ, ਕੌਂਸਲਰ ਨੇ ਬੋਲਦਿਆਂ ਕਿਹਾ ਕਿ ਸਾਈਂਦਾਸ ਸਕੂਲ ਦੇ ਡੰਪ ਨੂੰ ਖ਼ਤਮ ਕਰਨ ਨਾਲ ਉਹਨਾਂ ਦੇ ਵਾਰਡ ਦੇ ਕੂੜੇ ਦੀ ਲਿਫਟਿੰਗ ਨਹੀਂ ਹੋ ਰਹੀ । ਉਹਨਾਂ ਮੰਗ ਕੀਤੀ ਕਿ ਟਾਂਡਾ ਰੋਡ ਵਿਖੇ ਜੈਨ ਪੈਲੇਸ ਦੇ ਲਾਗੇ ਨਗਰ ਨਿਗਮ ਦੀ ਜ਼ਮੀਨ ਪਈ ਹੈ, ਉਸ ਜਗ੍ਹਾ ਤੇ ਇਹ ਕੂੜਾ ਸੁੱਟਣ ਲਈ ਹਦਾਇਤਾਂ ਜਾਰੀ ਕੀਤੀਆਂ ਜਾਣ ।ਇਸ ਤੋਂ ਇਲਾਵਾ ਉਹਨਾਂ ਨੇ ਸੀਵਰੇਜ਼ ਦੀ ਸਫਾਈ ਲਈ ਛੋਟੀਆਂ ਸੁਪਰ ਸਕਸ਼ਨ ਮਸ਼ੀਨਾਂ ਦੀ ਵੀ ਮੰਗ ਕੀਤੀ ।

ਮੇਅਰ ਜੀ ਨੇ ਜਵਾਬ ਦਿੰਦਿਆਂ ਕਿਹਾ ਕਿ ਟਾਂਡਾ ਰੋਡ ਜੈਨ ਪੈਲੇਸ ਦੇ ਨੇੜੇ ਜਿਹੜੀ ਤੁਸੀਂ ਜ਼ਮੀਨ ਦੀ ਗੱਲ ਕਰ ਰਹੇ ਹੋ, ਉਥੇ ਪਹਿਲਾਂ ਹੀ ਬਹੁਤ ਕੂੜਾ ਹੈ ।ਇਸ ਦੇ ਨਾਲ ਹੀ ਸ੍ਰੀ ਦੀਪਕ ਸ਼ਾਰਦਾ, ਕੌਂਸਲਰ ਨੇ ਬੋਲਦਿਆਂ ਕਿਹਾ ਕਿ ਉਹ ਆਪਣੇ ਵਾਰਡ ਵਿੱਚ ਪੈਂਦੀ ਇਸ ਜਗ੍ਹਾ ਤੇ ਕੋਈ ਡੰਪ ਨਹੀਂ ਬਨਣ ਦੇਣਗੇ ।

ਸ੍ਰੀਮਤੀ ਅੰਜਲੀ ਭਗਤ, ਕੌਂਸਲਰ ਨੇ ਕ੍ਰਿਸ਼ਨ ਮੁਰਾਰੀ ਮੰਦਰ ਦੇ ਐਂਟਰੀ ਤੇ ਡੰਪ ਨੂੰ ਚੁੱਕਵਾਉਣ ਲਈ ਮੰਗ ਕੀਤੀ। ਉਹਨਾਂ ਇਹ ਵੀ ਮੰਗ ਕੀਤੀ ਕਿ ਜਿਹੜੇ ਵਾਰਡਾਂ ਦੇ ਸਫਾਈ ਸੇਵਕਾਂ ਦੀ ਮੌਤ ਹੋ ਜਾਂਦੀ ਹੈ ਅਤੇ ਉਹਨਾਂ ਵਾਰਸਾਂ ਨੂੰ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਂਦੀ ਹੈ, ਉਹਨਾਂ ਨੂੰ ਉਸੇ ਵਾਰਡ ਵਿੱਚ ਲਗਾਇਆ ਜਾਵੇ ।

ਮੇਅਰ ਜੀ ਨੇ ਕਮਿਸ਼ਨਰ ਜੀ ਨੂੰ ਹਦਾਇਤ ਕੀਤੀ ਕਿ ਤਰਸ ਦੇ ਆਧਾਰ ਤੇ ਨਿਯੁੱਕਤ ਅਜਿਹੇ ਕਰਮਚਾਰੀਆਂ ਨੂੰ ਉਸੇ ਵਾਰਡ ਵਿੱਚ ਲਗਾਇਆ ਜਾਣਾ ਸੁਨਿਸ਼ਚਿਤ ਕੀਤਾ ਜਾਵੇ ।

ਸ੍ਰੀਮਤੀ ਜ਼ਸਪਾਲ ਕੌਰ ਭਾਟੀਆ, ਕੌਂਸਲਰ ਨੇ ਮੰਗ ਕੀਤੀ ਕਿ ਪਰੂਥੀ ਹਸਪਤਾਲ ਦੇ ਪਿਛੇ ਜਿਹੜੀ ਸੜਕ ਨਿਕਲਦੀ ਹੈ ਨੂੰ ਨਕੋਦਰ ਰੋਡ ਵਾਲੀ ਅਤੇ ਅਵਤਾਰ ਨਗਰ ਰੋਡ ਨਾਲ ਜ਼ੋੜਿਆ ਜਾਵੇ ਤਾਂ ਜ਼ੋ ਟਰੈਫਿਕ ਦੀ ਸੱਮਸਿਆ ਦਾ ਹੱਲ ਹੋ ਸਕੇ। ਉਹਨਾਂ ਇਹ ਵੀ ਮੰਗ ਕੀਤੀ ਕਿ ਉਹਨਾਂ ਦੇ ਵਾਰਡ ਦੇ ਵਿਕਾਸ ਦੇ ਕੰਮਾਂ ਦੇ ਟੈਂਡਰ ਜਲਦ ਲਗਵਾਏ ਜਾਣ । ਉਹਨਾਂ ਇਹ ਵੀ ਕਿਹਾ ਮਾਰਚ, 2019 ਨੂੰ 120 ਫੁੱਟੀ ਰੋਡ ਤੇ ਸੀਵਰੇਜ਼ ਸਬੰਧੀ ਸਮਾਰਟ ਸਿਟੀ ਪ੍ਰੋਜੈਕਟ ਦਾ ਟੈਂਡਰ ਲੱਗਾ ਸੀ ਪਰ ਅਜੇ ਤੱਕ ਕੰਮ ਸ਼ੁਰੂ ਨਹੀਂ ਹੋਇਆ । ਇਸ ਤੋਂ ਇਲਾਵਾ ਉਹਨਾਂ ਸਫਾਈ ਅਤੇ ਕੂੜੇ ਦੀ ਸੱਮਸਿਆ ਦਾ ਵੀ ਮੁੱਦਾ ਉਠਾਇਆ ।

ਸ੍ਰੀ ਜਗਦੀਸ਼ ਰਾਮ ਸਮਰਾਏ, ਕੌਂਸਲਰ ਨੇ ਮੰਗ ਕੀਤੀ ਕਿ ਗੰਦੇ ਨਾਲੇ ਨੂੰ ਸਮਾਰਟ ਸਿਟੀ ਪ੍ਰੋਜੈਕਟ ਵਿੱਚ ਲਿਆਂਦਾ ਜਾਵੇ । ਉਹਨਾਂ ਇਹ ਵੀ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਵੱਡੀ ਸਬਜ਼ੀ ਮੰਡੀ ਪੈਂਦੀ ਹੈ । ਉਥੋਂ ਆਵਾਰਾ ਜਾਨਵਰ ਵਿਚਰਦੇ ਹੋਏ ਰੇਲ ਲਾਈਨਾਂ ਤੱਕ ਆ ਜਾਂਦੇ ਹਨ ਅਤੇ ਕਈ ਜਾਨਵਰ ਰੇਲ ਦੁਰਘਟਨਾ ਦਾ ਸ਼ਿਕਾਰ ਹੁੰਦੇ ਹਨ । ਪਰ ਨਗਰ ਨਿਗਮ ਵਲੋਂ ਅਜਿਹੇ ਜਾਨਵਰਾਂ ਨੂੰ ਚੁੱਕਣ ਦਾ ਕੋਈ ਪ੍ਰਬੰਧ ਨਹੀਂ ਹੈ । ਪਿਛਲੇ ਮਹੀਨੇ ਵਿੱਚ ਦੋ-ਤਿੰਨ ਜਾਨਵਰਾਂ ਦੀਆਂ ਇੰਝ ਮੋਤਾਂ ਹੋ ਗਈਆਂ ਸਨ ਤਾਂ ਉਹਨਾਂ ਨੂੰ ਚੁੱਕਵਾਉਣ ਲਈ ਫਗਵਾੜੇ ਤੋਂ ਪ੍ਰਾਈਵੇਟ ਬੰਦੇ ਬੁਲਾਏ ਜਿਨਾਂ ਨੇ 1500/- ਰੁਪਏ ਪ੍ਰਤੀ ਜਾਨਵਰ ਚੁੱਕਣ ਦੇ ਲਏ ਜਿਹੜੇ ਕਿ ਉਹਨਾਂ ਨੇ ਕੋਲੋਂ ਖ਼ਰਚ ਕੀਤੇ । ਉਹਨਾਂ ਇਹ ਵੀ ਕਿਹਾ ਕਿ ਮਕਸੂਦਾਂ ਚੋਂਕ ਤੋਂ ਐਚ.ਐਮ.ਵੀ. ਕਾਲੇਜ ਤੱਕ ਬੀ.ਐਮ.ਪੀ.ਸੀ. ਦੀ ਸਿਰਫ ਇੱਕ ਲੇਅਰ ਹੀ ਪਾਈ ਗਈ ਹੈ ਅਤੇ ਪੂਰੀ ਸੜਕ ਨਹੀਂ ਬਣਾਈ ਗਈ ਜਿਸ ਕਰਕੇ ਐਕਸੀਡੈਂਟ ਹੋ ਰਹੇ ਹਨ । ਉਹਨਾਂ ਇਹ ਵੀ ਕਿਹਾ ਸਮਾਰਟ ਸਿਟੀ ਦੇ ਪ੍ਰੋਜੈਕਟ ਬਹੁਤ ਧੀਮੀ ਰਫ਼ਤਾਰ ਨਾਲ ਚਲ ਰਹੇ ਹਨ । ਵਰਕਸ਼ਾਪ ਚੋਂਕ ਦਾ ਕੰਮ ਬਹੁਤ ਧੀਮੀ ਰਫ਼ਤਾਰ ਨਾਲ ਚਲ ਰਿਹਾ ਹੈ ਅਤੇ ਪਰਾਪਰ ਵੀ ਨਹੀਂ ਹੋ ਰਿਹਾ ।

ਮੇਅਰ ਜੀ ਨੇ ਸਬੰਧਤ ਐਸ.ਡੀ.ਓ. ਨੂੰ ਜਵਾਬ ਦੇਣ ਲਈ ਕਿਹਾ ਜਿਸ ਨੇ ਦੱਸਿਆ ਕਿ ਇਸ ਰੋਡ ਤੇ ਸਿਰਫ ਪੈਚ ਵਰਕ ਹੀ ਕਰਵਾਇਆ ਗਿਆ ਹੈ ਕਿਉਂ ਜ਼ੋ ਇਹ ਸੜਕ ਸਮਾਰਟ ਸਿਟੀ ਪ੍ਰੋਜੈਕਟ ਵਿੱਚ ਆ ਗਈ ਹੈ ।

ਸ੍ਰੀ ਰਜਿੰਦਰ ਕੁਮਾਰ ਜੁਨੇਜਾ, ਕੌਂਸਲਰ ਨੇ ਬੋਲਦਿਆਂ ਕਿਹਾ ਕਿ ਓਪਨ ਗੰਦਾ ਨਾਲ ਅਰਬਨ ਅਸਟੇਟ ਫੇਸ-2 ਨੂੰ ਟਚ ਕਰਦਾ ਹੈ ਉਥੇ ਸੁਭਾਣਾ ਪਿੰਡ ਵਿਖੇ 6 ਕਨਾਲ ਜ਼ਮੀਨ ਪਈ ਹੋਈ ਹੈ । ਇਸ ਜ਼ਮੀਨ ਤੇ ਚੋਪਾਟੀ ਬਨਾ ਦਿੱਤੀ ਜਾਵੇ ਤਾਂ ਉਸ ਤੋਂ ਰੈਂਟ ਆਵੇਗਾ । ਸਾਬੋਵਾਲ, ਕੰਨਿਆਵਾਲੀ, ਗੜਾ ਦੇ ਵਸਨੀਕ ਇਸ ਚੋਪਾਟੀ ਤੇ ਆਪਣਾ ਕੰਮ ਧੰਦਾ ਕਰਕੇ ਗੁਜ਼ਾਰਾ ਕਰ ਸਕਦੇ ਹਨ ਅਤੇ ਨਗਰ ਨਿਗਮ ਨੂੰ ਵੀ ਫਾਇਦਾ ਮਿਲੇਗਾ ।ਉਹਨਾਂ ਇਹ ਵੀ ਕਿਹਾ ਕਿ ਰੇਲਵੇ ਲਾਈਨ ਜਿਹੜੀ ਕਿ ਅਰਬਨ ਅਸਟੇਟ ਫੇਸ 1 ਅਤੇ 2 ਨੂੰ ਜ਼ੋੜਦੀ ਹੈ ਦੇ ਕੋਲ ਖੁਲ੍ਹਾ ਏਰੀਆ ਹੈ, ਨੂੰ ਲੋਕ ਗਰੀਨ ਬੈਲਟ ਵਿੱਚ ਡਿਵੈਲਪ ਕਰਨ ਲੱਗੇ ਹਨ । ਨਗਰ ਨਿਗਮ ਵੀ ਇਸ ਮੁਹਿੰਮ ਵਿੱਚ ਸਾਥ ਦੇਵੇ । ਉਹਨਾਂ ਕਿਹਾ ਕਿ ਉਹਨਾਂ ਦੇ ਵਾਰਡ ਨੂੰ 6 ਸਫਾਈ ਸੇਵਕ ਅਲਾਟ ਕੀਤੇ ਸੀ ਪਰ ਕੋਈ ਨਹੀਂ ਆਇਆ । ਕੂੜਾ ਸਾਫ ਕਰਵਾਉਣ ਲਈ ਜੇ.ਸੀ.ਬੀ. ਦੀ ਲੋੜ੍ਹ ਹੈ ।ਅਰਬਨ ਅਸਟੇਟ ਫੇਸ 1 ਅਤੇ 2 ਵਿਖੇ ਪੁੱਡਾ ਵਲੋਂ ਦਰਖਤ ਲਗਾਏ ਗਏ ਸਨ ਜ਼ੋ ਇਸ ਵੇਲੇ ਬਹੁਤ ਵੱਡੇ ਹੋ ਚੁੱਕੇ ਹਨ, ਦੀ ਛੰਗਾਈ ਕਰਵਾਈ ਜਾਵੇ ।

ਸ੍ਰੀਮਤੀ ਜ਼ਸਲੀਨ ਸੇਠੀ, ਕੌਂਸਲਰ ਨੇ ਮੇਅਰ ਜੀ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਅੱਜ ਜ਼ੀਰੋ ਆਵਰ ਬਹੁਤ ਵਧੀਆ ਢੰਗ ਨਾਲ ਚਲਾਇਆ ਜਾ ਰਿਹਾ ਹੈ । ਉਹਨਾਂ ਕਿਹਾ ਕਿ ਮਿਤੀ 26.11.19 ਨੂੰ ਨਿਉ ਜਵਾਹਰ ਨਗਰ ਮਾਰਕਿਟ ਵਿਖੇ ਵਿਜ਼ਟ ਕੀਤਾ ਸੀ ਤਾਂ ਉਥੇ ਟਾਵਰ ਲੱਗ ਰਿਹਾ ਸੀ ਜਿਸਨੇ ਕੋਈ ਐਨ.ਓ.ਸੀ. ਨਹੀਂ ਲਈ ਹੋਈ ਸੀ । ਮਹਿਕਮੇਂ ਵਲੋਂ ਮਿਤੀ 12.12.19 ਨੂੰ ਨੋਟਿਸ ਕੱਢਿਆ ਗਿਆ ਤਾਂ ਟਾਵਰ ਲੱਗ ਚੁੱਕਾ ਸੀ ।

ਮੇਅਰ ਜੀ ਨੇ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਨੂੰ ਜਵਾਬ ਦੇਣ ਲਈ ਕਿਹਾ ਤਾਂ ਉਹਨਾਂ ਦੱਸਿਆ ਕਿ ਇਸ ਟਾਵਰ ਨੂੰ ਕੋਈ ਪਰਮਿਸ਼ਨ ਨਹੀਂ ਦਿੱਤੀ ਗਈ ਹੈ । ਮੇਅਰ ਜੀ ਨੇ ਦੱਸਿਆ ਕਿ ਪਹਿਲਾਂ ਹੀ ਹਾਊਸ ਪਾਸ ਕਰ ਚੁੱਕਾ ਹੈ ਕਿ ਕੋਈ ਵੀ ਟਾਵਰ ਕਿਸੇ ਵਾਰਡ ਵਿੱਚ ਸਬੰਧਤ ਕੌਂਸਲਰ ਦੀ ਕੰਸੈਂਟ ਤੋਂ ਬਿਨਾ ਨਹੀਂ ਲੱਗੇਗਾ । ਉਹਨਾਂ ਇਸ ਟਾਵਰ ਨੂੰ ਇੱਕ ਹਫ਼ਤੇ ਦੇ ਅੰਦਰ ਅੰਦਰ ਹਟਾਉਣ ਲਈ ਹਦਾਇਤ ਕੀਤੀ ।

ਸ੍ਰੀਮਤੀ ਜ਼ਸਲੀਨ ਸੇਠੀ, ਕੌਂਸਲਰ ਨੇ ਅੱਗੇ ਬੋਲਦਿਆਂ ਕਿਹਾ ਕਿ ਮਿਤੀ 16.10.18 ਨੂੰ ਸਕਾਈਲਾਰਕ ਹੋਟਲ ਦੇ ਨਾਲ ਲੱਗਦੀ ਜ਼ਮੀਨ ਜਿਹੜੀ ਕਿ ਨਗਰ ਨਿਗਮ ਦੀ ਮਲਕੀਅਤੀ ਵਾਲੀ ਜਗ੍ਹਾ ਹੈ ਤੇ ਹੋਟਲ ਵਾਲਿਆਂ ਨੇ ਨਜਾਇਜ਼ ਕਬਜਾ ਕੀਤਾ ਹੋਇਆ ਸੀ, ਨੂੰ ਡਿਮਾਲਿਸ਼ ਕੀਤਾ ਗਿਆ ਸੀ । ਮਿਤੀ 19.10.18 ਨੂੰ ਇਸ ਜਗ੍ਹਾ ਦੀ ਫੈਂਸਿੰਗ ਕੀਤੀ ਗਈ ਸੀ । ਇਹ ਫੈਂਸਿੰਗ ਹੋਟਲ ਵਾਲਿਆਂ ਨੇ ਫਿਰ ਉਤਾਰ ਦਿੱਤੀ ਸੀ ਜਿਸ ਦੀ ਲੈਟਰ ਉਹਨਾਂ ਨੇ ਮਿਤੀ 11.2.2019 ਨੂੰ ਦਿੱਤੀ ਸੀ ।

ਮੇਅਰ ਜੀ ਨੇ ਐਮ.ਟੀ.ਪੀ. ਨੂੰ ਜਵਾਬ ਦੇਣ ਲਈ ਕਿਹਾ ਤਾਂ ਉਹਨਾਂ ਦੱਸਿਆ ਕਿ ਮਾਨਯੋਗ ਹਾਈਕੋਰਟ ਵਲੋਂ ਇਸ ਦਾ ਸਟੇਟਸ-ਕੋ ਆਰਡਰ ਜਾਰੀ ਕੀਤਾ ਗਿਆ ਹੈ ਜਿਹੜਾ ਕਿ ਪਰਸੋਂ ਤੁਹਾਨੂੰ ਦਿਖਾ ਦਿੱਤਾ ਜਾਵੇਗਾ ।

ਸ੍ਰੀਮਤੀ ਜ਼ਸਲੀਨ ਸੇਠੀ, ਕੌਂਸਲਰ ਨੇ ਮੁੜ੍ਹ ਬੋਲਦਿਆਂ ਕਿਹਾ ਕਿ ਮਿਤੀ 5.12.19 ਨੂੰ ਮਾਨਯੋਗ ਹਾਈਕੋਰਟ ਵਿਖੇ ਪਟੇਲ ਹਸਪਤਾਲ ਦੇ ਨਾਲ ਲੱਗਦੀ ਜ਼ਮੀਨ ਦਾ ਕੇਸ ਲੱਗਾ ਹੋਇਆ ਸੀ ਪਰ ਸਬੰਧਤ ਵਕੀਲ ਅਦਾਲਤ ਵਿੱਚ ਪੇਸ਼ ਨਹੀਂ ਹੋਏ। ਸੋਸਾਇਟੀ ਵਾਲਿਆਂ ਨੂੰ ਸ੍ਰੀ ਪਰੂਥੀ ਵਲੋਂ ਕਿਹਾ ਗਿਆ ਕਿ ਜਿਵੇਂ ਸੀਨਿਅਰ ਕਹਿਣਗੇ ਉਹ ਪੇਸ਼ ਹੋਣਗੇ ।

ਮੇਅਰ ਜੀ ਨੇ ਐਮ.ਟੀ.ਪੀ. ਨੂੰ ਜਵਾਬ ਦੇਣ ਲਈ ਕਿਹਾ ਤਾਂ ਉਹਨਾਂ ਦੱਸਿਆ ਕਿ ਦਫ਼ਤਰ ਵਲੋਂ ਬਿਲਡਿੰਗ ਇੰਸਪੈਕਟਰ ਸ੍ਰੀ ਦਿਨੇਸ਼ ਜ਼ੋਸ਼ੀ ਅਤੇ ਸ੍ਰੀ ਸੰਜੀਵ ਕੁਮਾਰ, ਡਰਾਫਟਸਮੈਨ ਮਾਨਯੋਗ ਅਦਾਲਤ ਵਿੱਚ ਗਏ ਸਨ ।

ਸ੍ਰੀਮਤੀ ਜ਼ਸਲੀਨ ਸੇਠੀ, ਕੌਂਸਲਰ ਨੇ ਇਹ ਵੀ ਮੰਗ ਕੀਤੀ ਕਿ ਜਿਹੜੀ ਜਾਣਕਾਰੀ ਕੌਂਸਲਰ ਸਾਹਿਬਾਨ ਲਿਖ ਕੇ ਮੰਗਦੇ ਹਨ ਉਹਨਾਂ ਦਾ ਸਮੇਂ ਸਿਰ ਜਵਾਬ ਨਹੀਂ ਦਿੱਤਾ ਜਾਂਦਾ ।ਜਵਾਬ ਦੇਣ ਲਈ ਟਾਈਮ ਫਿਕਸ ਕੀਤਾ ਜਾਵੇ ।

ਸ੍ਰੀ ਰੋਹਣ ਸਹਿਗਲ, ਕੌਂਸਲਰ ਬੋਲਦਿਆਂ ਕਿਹਾ ਕਿ ਇੱਕ ਬਦਮਾਸ਼ ਕਿਸਮ ਦਾ ਠੇਕੇਦਾਰ ਜਿਸਦਾ ਉਹ ਨਾਮ ਨਹੀਂ ਲੈਣਾ ਚਾਹੁੰਦੇ ਬਹੁਤ ਬੱਤਮੀਜ਼ੀ ਨਾਲ ਪੇਸ਼ ਆਉਂਦਾ ਹੈ । ਇੰਨਾ ਹੀ ਨਹੀਂ ਪਿੱਛੇ ਜਿਹੇ ਉਹਨਾਂ ਦੇ ਵਾਰਡ ਦੇ ਟਿਊਬਵੈਲ ਦਾ ਫਾਲਟ ਸੀ ਤਾਂ ਕਮਿਸ਼ਨਰ ਜੀ ਦੇ ਸਾਹਮਣੇ ਵੀ ਉਹ ਬੱਤਮੀਜ਼ੀ ਨਾਲ ਬੋਲਿਆ । ਉਸ ਨੇ ਪਤਾ ਨਹੀਂ ਸ਼ਾਇਦ ਜ਼ੋ ਸੁੰਣਨ ਵਿੱਚ ਆਇਆ ਹੈ ਕਿ ਉਹ ਅਧਿਕਾਰੀਆਂ ਦੀਆਂ ਵੀਡਿਓ ਰਿਕਾਰਡਿੰਗ ਕਰਕੇ ਰੱਖਦਾ ਹੈ । ਇਨਾਂ ਹੀ ਨਹੀਂ ਕਮਿਸ਼ਨਰ ਜੀ ਨੇ ਦੱਸਿਆ ਕਿ ਉਹ ਐਫ.ਐਂਡ ਸੀ.ਸੀ. ਦੀ ਮੀਟਿੰਗ ਵਿੱਚ ਵੀ ਅਜਿਹੇ ਵਤੀਰੇ ਨਾਲ ਪੇਸ਼ ਆਉਂਦਾ ਹੈ ।

ਡਾ: ਤਮਨਰੀਤ ਕੌਰ, ਕੌਂਸਲਰ ਨੇ ਬੋਲਦਿਆਂ ਕਿਹਾ ਕਿ ਪਿਛਲੇ 12 ਦਿਨਾਂ ਤੋਂ ਸੀਵਰਜੇ ਬਲਾਕੇਜ਼ ਦਾ ਮੁੱਦਾ ਉਠਾਇਆ ਅਤੇ ਦੱਸਿਆ ਕਿ ਉਹਨਾਂ ਦੇ ਵਾਰਡ ਵਿੱਚ ਗੰਦਾ ਪਾਣੀ ਆ ਰਿਹਾ ਹੈ ਜਿਸ ਦੀ ਬੋਤਲ ਉਹਨਾਂ ਨੇ ਮੇਅਰ ਜੀ ਨੂੰ ਦਿਖਾਈ।ਇਸ ਤੋਂ ਇਲਾਵਾ ਉਹਨਾਂ ਕਿਹਾ ਕਿ ਉਹਨਾਂ ਦੇ ਵਾਰਡ ਦੇ 10 ਲੱਖ ਰੁਪਏ ਦੇ ਮੇਨਟੀਨੈਂਸ ਦੇ ਕੰਮ ਨਹੀਂ ਹੋ ਰਹੇ ।

ਮੇਅਰ ਜੀ ਨੇ ਦੱਸਿਆ ਕਿ ਸੀਵਰੇਜ਼ ਬਲਾਕੇਜ਼ ਸਬੰਧੀ ਹਾਊਸ ਵਲੋਂ ਪਹਿਲਾਂ ਹੀ ਕਮੇਟੀ ਬਨਾਉਣ ਲਈ ਸਹਿਮਤੀ ਦੇ ਦਿੱਤੀ ਗਈ ਹੈ ਅਤੇ ਜਲਦ ਹੀ ਐਮ.ਐਲ.ਏ. ਜੀ ਨੂੰ ਉਸ ਕਮੇਟੀ ਵਿੱਚ ਸ਼ਾਮਲ ਕਰਕੇ ਜਲਦ ਹਲ ਕੱਢਿਆ ਜਾਵੇਗਾ।

ਸ੍ਰੀਮਤੀ ਸੁਨੀਤਾ ਰਿੰਕੂ, ਕੌਂਸਲਰ ਨੇ ਮੁੱਦਾ ਉਠਾਇਆ ਕਿ ਕੂੜੇ ਦੇ ਟਿੱਪਰ ਜਦ ਕੂੜਾ ਡੰਪ ਵੱਲ ਲੈ ਜਾਂਦੇ ਹਨ ਤਾਂ ਢਕੇ ਨਹੀਂ ਹੁੰਦੇ ਜਿਸ ਕਾਰਣ ਸਾਰਾ ਕੂੜਾ ਸੜਕਾਂ ਤੇ ਖ਼ਿਲਰਦਾ ਵੀ ਹੈ ਅਤੇ ਰਾਹਗੀਰ ਪਰੇਸ਼ਾਨ ਹੁੰਦੇ ਹਨ । ਅਜਿਹੇ ਟਿੱਪਰਾਂ ਨੂੰ ਪਲਾਸਟਿਕ ਦੀ ਸ਼ੀਟ ਨਾਲ ਢੱਕ ਕੇ ਲਿਜਾਇਆ ਜਾਵੇ ।

ਸ੍ਰੀਮਤੀ ਉਮਾ ਬੇਰੀ, ਕੌਂਸਲਰ ਨੇ ਬੋਲਦਿਆਂ ਕਿਹਾ ਉਹਨਾਂ ਦੇ ਵਾਰਡ ਵਿੱਚ 12 ਪਾਰਕਾਂ ਹਨ ਅਤੇ ਮਾਸਟਰ ਤਾਰਾ ਸਿੰਘ ਨਗਰ ਵਿਖੇ ਵੱਡਾ ਪਾਰਕ ਹੈ । ਹਰ ਰੋਜ਼ ਪਾਰਕਾਂ ਵਿੱਚ ਸੁੱਕੇ ਪੱਤੇ ਡਿੱਗਦੇ ਹਨ ਪਰ ਟਰਾਲੀ 15-15 ਦਿਨ ਨਹੀਂ ਆਉਂਦੀ । ਹਰ ਵਾਰਡ ਵਿੱਚ ਹਾਰਟੀਕਲਚਰ ਵੇਸਟ ਚੁੱਕਣ ਲਈ ਇੱਕ-ਇੱਕ ਟਰਾਲੀ ਦਿੱਤੀ ਜਾਵੇ । ਸ਼ਿਵਾ ਜੀ ਨਗਰ ਪਾਰਕ ਵਿਖੇ ਦਰਖ਼ਤਾਂ ਦੀ ਛੰਗਾਈ ਲਈ ਕਈ ਵਾਰ ਐਲ.ਐਸ.ਓ. ਨੂੰ ਕਿਹਾ ਪਰ ਕਾਰਵਾਈ ਨਹੀਂ ਹੋਈ । ਹੁਣ ਜਦ ਲੋਕਾਂ ਨੇ ਆਪ ਛੰਗਾਈ ਕੀਤੀ ਹੈ ਤਾਂ ਮਹਿਕਮੇਂ ਨੇ ਉਹਨਾਂ ਦੇ ਚਲਾਨ ਕਰ ਦਿੱਤੇ।

ਸ੍ਰੀਮਤੀ ਬਬਿਤਾ ਰਾਣੀ, ਕੌਂਸਲਰ ਨੇ ਕਿਹਾ ਕਿ ਦੋ ਸਾਲਾਂ ਤੋਂ ਸਫਾਈ ਸੇਵਕਾਂ ਦੀ ਮੰਗ ਕੀਤੀ ਜਾ ਰਹੀ ਹੈ ਪਰ ਕੋਈ ਸੁਣਵਾਈ ਨਹੀਂ ਹੋ ਰਹੀ ।

ਮੇਅਰ ਜੀ ਨੇ ਦੱਸਿਆ ਕਿ ਅਸੀਂ 810 ਸਫਾਈ ਸੇਵਕਾਂ ਦਾ ਜਿਹੜਾ ਮਤਾ ਪ੍ਰਵਾਨ ਕਰਕੇ ਸਰਕਾਰ ਨੂੰ ਭੇਜਿਆ ਹੋਇਆ ਹੈ, ਉਸਦੀ ਮੰਜ਼ੂਰੀ ਲੈਣ ਵਾਸਤੇ ਜਲਦ ਜਾ ਰਹੇ ਹਾਂ ।

ਸ੍ਰੀਮਤੀ ਨੀਲਮ, ਕੌਂਸਲਰ ਨੇ ਮੰਗ ਕੀਤੀ ਕਿ ਉਹਨਾਂ ਦੇ ਵਾਰਡ ਵਿੱਚ ਸਿਰਫ 4 ਸਫਾਈ ਸੇਵਕ ਹਨ, ਇਹਨਾਂ ਦੀ ਗਿਣਤੀ ਹੋਰ ਵਧਾਈ ਜਾਵੇ ।

ਸ੍ਰੀ ਜੇ.ਪੀ.ਸ਼ਮਸ਼ੇਰ ਖਹਿਰਾ, ਕੌਂਸਲਰ ਨੇ ਮੁੱਦਾ ਉਠਾਇਆ ਕਿ ਸ੍ਰੀ ਗੁਲਵੰਤ ਸਿੰਘ ਵਲੈਤੀ ਪਾਰਕ ਵਿੱਚ ਟਿਊਬਵੈਲ ਲੱਗ ਚੁੱਕਾ ਹੈ ਪਰ ਚਾਲੂ ਨਹੀਂ ਹੋਇਆ ।

ਐਸ.ਈ. (ਓ ਐਂਡ ਐਮ) ਨੇ ਦੱਸਿਆ ਕਿ ਪੀ.ਸੀ.ਪੀ.ਸੀ.ਐਲ. ਨੂੰ ਕੁਨੈਕਸ਼ਨ ਲਈ ਪੈਸੇ ਜਮ੍ਹਾਂ ਕਰਵਾ ਦਿੱਤੇ ਹਨ।

ਸ੍ਰੀ ਮਨਦੀਪ ਜੱਸਲ, ਕੌਂਸਲਰ ਨੇ ਬੋਲਦਿਆਂ ਕਿਹਾ ਕਿ ਨੰਗਲ ਸ਼ਾਮਾ ਵਿਖੇ ਜਿੱਥੇ ਕੁੱਤਿਆਂ ਦੀ ਨਸਬੰਦੀ ਦਾ ਹਸਪਤਾਲ ਚਲ ਰਿਹਾ ਹੈ, ਉਥੋਂ ਆਪਰੇਸ਼ਨ ਕਰਕੇ ਸਾਰੇ ਕੁੱਤੇ ਰਾਮਾ ਮੰਡੀ ਵਿਖੇ ਹੀ ਛੱਡੇ ਜਾ ਰਹੇ ਹਨ ਜਿਸ ਕਰਕੇ ਕੁੱਤਿਆਂ ਦੀਆਂ ਡਾਰਾਂ ਦੀਆਂ ਡਾਰਾਂ ਘੁੰਮਦੀਆਂ ਹਨ । ਲੋਕ ਡਰੇ ਹੋਏ ਹਨ । ਇਸ ਵੱਲ ਧਿਆਨ ਦਿੱਤਾ ਜਾਵੇ ਨਹੀਂ ਤਾਂ ਸਾਨੂੰ ਮਜਬੂਰਨ ਹਸਪਤਾਲ ਬੰਦ

ਕਰਵਾਉਣਾ ਪਵੇਗਾ । ਉਹਨਾਂ ਅੱਗੇ ਕਿਹਾ ਕਿ ਦੋ ਮੌਤ ਦੇ ਸਰਟੀਫਿਕੇਟਾਂ ਤੇ ਕਲੈਰੀਕਲ ਮਿਸਟੇਕ ਮਹਿਕਮੇਂ ਵਲੋਂ ਹੋਈ ਹੈ ਪਰ ਉਸ ਨੂੰ ਠੀਕ ਨਹੀਂ ਕੀਤਾ ਜਾ ਰਿਹਾ ਅਤੇ ਕਈ ਕਈ ਮਹੀਨਿਆਂ ਤੋਂ ਲੋਕ ਪਰੇਸ਼ਾਨ ਹੋ ਰਹੇ ਹਨ । ਧੰਨੋਵਾਲੀ ਡਿਸਪੋਜ਼ਲ ਦਾ ਮਸਲਾ ਅਜੇ ਤੱਕ ਠੀਕ ਨਹੀਂ ਹੋਇਆ । ਜਿਹੜਾ ਪੈਸਾ ਬਰਬਾਦ ਕੀਤਾ ਗਿਆ ਉਸ ਲਈ ਸਬੰਧਤ ਅਧਿਕਾਰੀਆਂ ਦੇ ਵਿਰੁੱਧ ਕਾਰਵਾਈ ਕੀਤੀ ਜਾਵੇ । ਅਸੀਂ ਇਸ ਸੱਮਸਿਆ ਦੇ ਹੱਲ ਲਈ ਸ੍ਰੀ ਜਗਦੀਸ਼ ਕੁਮਾਰ ਦਕੋਹਾ ਜੀ ਦੇ ਵਾਰਡ ਵਿੱਚ ਲੰਘਦੀ ਸੀਵਰ ਪਾਈਪ ਲਾਈਨ ਨਾਲ ਪਾਈਪ ਜੋੜੀ ਪਰ ਕੋਈ ਹੱਲ ਨਹੀਂ ਨਿਕਲਿਆ । 1.50 ਕਰੋੜ ਰੁਪਏ ਖ਼ਰਚ ਕੀਤੇ । ਐਕਸ਼ਨ ਲੈਣਾ ਪਵੇਗਾ । ਡਿਪਾਰਟਮੈਂਟਾਂ ਦਾ ਆਪਸ ਵਿੱਚ ਤਾਲਮੇਲ ਨਹੀਂ ਹੈ ਕਿ ਪਾਣੀ ਕਿੱਧਰ ਕੱਢਣਾ ਹੈ ।

ਐਸ.ਈ. (ਓ ਐਂਡ ਐਮ) ਨੇ ਦੱਸਿਆ ਕਿ ਇੱਥੇ ਸੀਵਰੇਜ਼ ਦੀ ਡਿਸਿਲਟਿੰਗ ਕਰਵਾਉਣੀ ਪਵੇਗੀ ਜਿਸਦਾ ਤਖ਼ਮੀਨਾ ਹਾਊਸ ਵਿੱਚ ਪ੍ਰਵਾਨਗੀ ਲਈ ਭੇਜ਼ ਦਿੱਤਾ ਗਿਆ ਹੈ । ਉਹਨਾਂ ਇਹ ਵੀ ਕਿਹਾ ਕਿ ਸੀਵਰੇਜ਼ ਬੋਰਡ ਦਾ ਬਣਦਾ ਤਾਂ ਇਹ ਸੀ ਕਿ ਇਸ ਸੀਵਰੇਜ਼ ਨੂੰ ਚਲਾ ਕੇ ਹੈਂਡਓਵਰ ਕਰਦੇ । ਐਮ.ਪੀ.ਐਸ. ਪੰਜ ਸਾਲਾਂ ਬਾਅਦ ਬਨਾਇਆ ਗਿਆ ਸੀ । ਹੁਣ ਅਸੀਂ ਜਲਦ ਇਸ ਦੇ ਟੈਂਡਰ ਲਗਵਾ ਕੇ ਸਫਾਈ ਕਰਵਾ ਦੇਵਾਂਗੇ ।

ਮੇਅਰ ਜੀ ਨੇ ਆਦੇਸ਼ ਦਿੱਤੇ ਕਿ ਇਸ ਦੀ ਸਾਰੀ ਰਿਪੋਰਟ ਹਾਊਸ ਵਿੱਚ ਲਿਆਂਦੀ ਜਾਵੇ ।

ਸ੍ਰੀਮਤੀ ਮਨਜੀਤ ਕੌਰ, ਕੌਂਸਲਰ ਨੇ ਮੰਗ ਕੀਤੀ ਕਿ ਬੀ.ਐਮ.ਸੀ. ਚੌਂਕ ਵਿੱਚ ਟਰੈਫਿਕ ਦੀ ਬਹੁਤ ਸੱਮਸਿਆ ਹੈ । ਉਥੇ ਯੂ-ਟਰਨ ਬਨਾਇਆ ਜਾਵੇ । ਬਸ ਸਟੈਂਡ ਦੇ ਬਾਹਰ ਹੀ ਬੱਸਾਂ ਵਾਲੇ ਸਵਾਰੀਆਂ ਲਾਉਂਦੇ ਅਤੇ ਚੜਾਉਂਦੇ ਹਨ । ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਬਸਾਂ ਬਸ ਸਟੈਂਡ ਦੇ ਅੰਦਰ ਹੀ ਸਵਾਰੀਆਂ ਲਾਉਣ ਅਤੇ ਚੜਾਉਣ ।ਉਹਨਾਂ ਕਿਹਾ ਕਿ ਜਿਵੇਂ ਬੰਗਲੂਰੂ ਵਿਖੇ ਉਹਨਾਂ ਨੇ ਆਵਾਰਾ ਕੁੱਤਿਆਂ ਲਈ ਸ਼ਹਿਰੋਂ ਬਾਹਰ ਡਾਗ ਕੰਪਾਉਂਡ ਬਨਾਇਆ ਹੈ, ਉਸੇ ਤਰ੍ਹਾਂ ਨਗਰ ਨਿਗਮ ਜਲੰਧਰ ਵੀ ਸ਼ਹਿਰੋਂ ਬਾਹਰ ਕੋਈ ਜਗ੍ਹਾ ਲੈ ਕੇ ਆਵਾਰ ਕੁੱਤੇ ਰੱਖਣ ਲਈ ਡਾਗ ਕੰਪਾਉਂਡ ਬਨਾਵੇ ।ਉਹਨਾਂ ਇਹ ਮੰਗ ਵੀ ਕੀਤੀ ਕਿ ਨਗਰ ਨਿਗਮ ਦਫ਼ਤਰ ਵਿਖੇ ਵੀ ਸੁਵਿਧਾ ਸੈਂਟਰ ਖ਼ੋਲ੍ਹ ਦਿੱਤਾ ਜਾਵੇ ।

ਸੁਵਿਧਾ ਸੈਂਟਰ ਸਬੰਧੀ ਮੇਅਰ ਜੀ ਨੇ ਕਮਿਸ਼ਨਰ ਜੀ ਨੂੰ ਡਿਪਟੀ ਕਮਿਸ਼ਨਰ ਜਲੰਧਰ ਜੀ ਨਾਲ ਗੱਲ ਕਰਨ ਲਈ ਕਿਹਾ ।

ਸ੍ਰੀ ਲਖਵੀਰ ਸਿੰਘ ਬਾਜਵਾ, ਕੌਂਸਲਰ ਨੇ ਬੋਲਦਿਆਂ ਕਿਹਾ ਕਿ ਪਿਛਲੇ ਸਾਲ ਕੂੜੇ ਦੇ ਡੰਪ ਬਾਰੇ ਬਹਿਸ ਹੋਈ ਸੀ ਅਤੇ ਇਸ ਡੰਪ ਨੂੰ ਪੱਕਾ ਕਰ ਦਿੱਤਾ ਸੀ । ਸਾਰੇ ਜਲੰਧਰ ਦਾ ਕੂੜਾ ਮੇਰੇ ਵਾਰਡ ਵਿੱਚ ਜਾਂਦਾ ਹੈ । ਉਸਨੂੰ ਸਮਾਰਟ ਸਿਟੀ ਪ੍ਰੋਜੈਕਟ ਵਿੱਚ ਪਾ ਦਿਓ । ਪੰਜ ਸਾਲ ਹੋ ਗਏ ਹਨ 120 ਫੁੱਟੀ ਰੋਡ ਤੋਂ ਗੰਦੇ ਨਾਲੇ ਤੱਕ ਕਪੂਰਥਲਾ ਰੋਡ ਤੇ ਸੀਵਰ ਪਾਇਆਂ ਨੂੰ ਪਰ ਇੱਥੇ ਲਾਈਟਾਂ ਨਹੀਂ ਲੱਗੀਆਂ । ਬਸਤੀ ਪੀਰ ਦਾਦ ਤੋਂ ਬਸਤੀ ਬਾਵਾ ਖੇਲ ਹੁੰਦੇ ਹੋਏ ਜਿਹੜਾ ਸੀਵਰੇਜ਼ ਬਸ ਸਟੈਂਡ ਨੂੰ ਜਾਂਦਾ ਹੈ ਉਹ ਬਸਤੀ ਪੀਰਦਾਦ ਵਾਲੀ ਸਾਈਡ ਤੇ ਨੀਵਾਂ ਹੋਣ ਕਾਰਣ ਉਥੇ ਡਿਸਪੋਜ਼ਲ ਬਨਾਇਆ ਗਿਆ ਹੈ । ਪੰਜ ਸਾਲਾਂ ਤੋਂ ਲੱਖਾਂ ਰੁਪਏ ਦੇ ਬਿਲ ਇਸ ਡਿਸਪੋਜ਼ਲ ਨੂੰ ਚਲਾਉਣ ਤੇ ਖ਼ਰਚ ਕੀਤੇ ਜਾ ਰਹੇ ਹਨ । ਪ੍ਰੰਤੂ ਇਸ ਦਾ ਪਰਮਾਨੈਂਟ ਹੱਲ ਨਹੀਂ ਕੱਢਿਆ ਗਿਆ ।ਰੋਡ ਸਵੀਪਿੰਗ ਮਸ਼ੀਨ ਕਪੂਰਥਲਾ ਰੋਡ ਤੇ ਭੇਜੀ ਜਾਵੇ ।ਬਸਤੀ ਪੀਰਦਾਦ ਐਸ.ਟੀ.ਪੀ. ਦੀ ਮੋਟਰ ਖ਼ਰਾਬ ਹੋ ਜਾਂਦੀ ਹੈ ਤਾਂ ਰਾਜਨ ਨਗਰ, ਗੌਤਮ ਨਗਰ, ਪੰਨੂ ਵਿਹਾਰ ਏਰੀਏ ਦੇ ਸੀਵਰ ਦਾ ਪਾਣੀ ਬਾਹਰ ਆ ਜਾਂਦਾ ਹੈ ।

ਐਸ.ਈ. (ਓ ਐਂਡ ਐਮ) ਨੇ ਦੱਸਿਆ ਕਿ ਇਸ ਐਸ.ਟੀ.ਪੀ. ਦੀ ਕਪੈਸਿਟੀ 15 ਐਮ.ਐਲ.ਡੀ. ਕਰ ਰਹੇ ਹਾਂ।

ਸ੍ਰੀ ਲਖਵੀਰ ਸਿੰਘ ਬਾਜਵਾ, ਕੌਂਸਲਰ ਨੇ ਅੱਗੇ ਬੋਲਦਿਆਂ ਕਿਹਾ ਕਿ ਕਪੂਰਥਲਾ ਰੋਡ ਤੋਂ ਸਰਜੀਕਲ ਕੰਪਲੈਕਸ ਦੇ ਬਾਹਰ 50 ਖੋਖੇ ਲੱਗ ਗਏ ਹਨ, ਨੂੰ ਚੁੱਕਵਾਇਆ ਜਾਵੇ ।

ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ਨੇ ਬੋਲਦਿਆਂ ਕਿਹਾ ਕਿ ਨਾਨਕ ਢਾਬੇ ਦੇ ਸਾਹਮਣੇ ਡੰਪ ਨੂੰ ਪੱਕਾ ਕਰਨ ਲਈ ਐਸਟੀਮੇਟ ਬਨਾਇਆ ਜਾਵੇ ।

ਸ੍ਰੀ ਬਚਨ ਲਾਲ, ਕੌਂਸਲਰ ਨੇ ਕਿਹਾ ਕਿ ਭਾਰਗੋ ਕੈਂਪ ਚੌਂਕੀ ਦੇ ਪਿੱਛੇ ਡੰਪ ਵਿਖੇ ਅੱਧਾ ਕੂੜਾ ਰੋਡ ਤੇ ਆ ਗਿਆ ਹੈ ਅਤੇ ਲੋਕ ਕੂੜੇ ਨੂੰ ਅੱਗ ਵੀ ਲਗਾਉਂਦੇ ਹਨ ਤਾਂ ਸੱਮਸਿਆ ਪੈਦਾ ਹੁੰਦੀ ਹੈ । ਇਸ ਥਾਂ ਤੇ ਕੂੜੇ ਦੀ ਸੱਮਸਿਆ ਦਾ ਹੱਲ ਕਰਵਾਇਆ ਜਾਵੇ । ਉਹਨਾਂ ਸੁਝਾਓ ਦਿੱਤਾ ਕਿ ਸ਼ਹਿਰ ਵਿੱਚ ਵੱਖ ਵੱਖ ਥਾਂਵਾਂ ਤੇ ਪੁਆਇੰਟ ਦੇਖੇ ਜਾਣ ਜਿੱਥੇ ਬਰਸਾਤੀ ਪਾਣੀ ਜਮ੍ਹਾਂ ਹੁੰਦਾ ਹੈ । ਉਥੇ 200-200 ਫੁੱਟ ਦੇ ਬੋਰ ਕਰਵਾਏ ਜਾਣ ਤਾਂ ਜ਼ੋ ਪਾਣੀ ਧਰਤੀ ਵਿੱਚ ਜਾਵੇ । ਇਸ ਕੰਮ ਲਈ ਵੱਖਰਾ ਬਜਟ ਰੱਖਿਆ ਜਾਵੇ ।

ਸ੍ਰੀ ਨਿਰਮਲ ਸਿੰਘ, ਕੌਂਸਲਰ ਨੇ ਮੁੱਦਾ ਉਠਾਇਆ ਕਿ ਪੀ.ਏ.ਪੀ. ਚੌਂਕ ਤੋਂ ਵੇਰਕਾ ਮਿਲਕ ਪਲਾਂਟ ਤੱਕ ਜੀ.ਟੀ. ਰੋਡ ਦਾ ਬਰਸਾਤੀ ਪਾਣੀ ਨਾਲ ਲੱਗਦੇ ਏਰੀਏ ਵਿੱਚ ਜਾਂਦਾ ਹੈ ਤਾਂ ਏਰੀਏ ਡੁੱਬ ਜਾਂਦੇ ਹਨ । ਹਾਈਵੇਜ਼ ਅਥਾਰਟੀ ਨੂੰ ਬੁਲਾਇਆ ਜਾਵੇ ਕਿ ਉਹ ਇਸ ਸੱਮਸਿਆ ਦਾ ਹੱਲ ਕੱਢਣ । ਕਿਉਂ ਜ਼ੋ ਹਾਈਵੇਜ਼ ਵਾਲਿਆਂ ਦਾ ਇਹ ਪ੍ਰੋਜੈਕਟ ਹੈ ਅਤੇ ਉਹ ਟੋਲ ਟੈਕਸ ਇੱਕਠਾ ਕਰਦੇ ਹਨ । ਜੇਕਰ ਜੀ.ਟੀ.ਰੋਡ ਦੀ ਸਰਵਿਸ ਲੇਟ ਟੁੱਟ ਜਾਂਦੀ ਹੈ ਉਹ ਵੀ ਨੈਸ਼ਨਲ ਹਾਈਵੇਜ਼ ਅਥਾਰਟੀ ਰਿਪੇਅਰ ਨਹੀਂ ਕਰਵਾਉਂਦੀ ਅਤੇ ਨਗਰ ਨਿਗਮ ਨੂੰ ਇਹ ਰਿਪੇਅਰ ਕਰਵਾਉਣੀ ਪੈਂਦੀ ਹੈ । ਉਹਨਾਂ ਮੰਗ ਕੀਤੀ ਕਿ ਮੇਨਟੀਨੈਂਸ ਦੇ ਕੰਮਾਂ ਸਬੰਧੀ ਠੇਕੇਦਾਰਾਂ ਨਾਲ ਕੀਤੀਆਂ ਸ਼ਰਤਾਂ ਦੀਆਂ ਕਾਪੀਆਂ ਸਾਰੇ ਕੌਂਸਲਰਾਂ ਨੂੰ ਦਿੱਤੀਆਂ ਜਾਣ । ਉਹਨਾਂ ਇਹ ਮੰਗ ਵੀ ਕੀਤੀ ਕਿ ਇੰਡੀਅਨ ਆਇਲ ਕਾਰਪੋਰੇਸ਼ਨ, ਹਿੰਦੋਸਤਾਨ ਪੈਟਰੋਲੀਅਮ, ਭਾਰਤ ਪੈਟਰੋਲੀਅਮ ਦੇ 300-400 ਟਰੱਕ ਹਾਈਵੇਅ ਤੇ ਖੜ੍ਹੇ ਰਹਿੰਦੇ ਹਨ । ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਇਹ

ਟਰੱਕ ਉਹਨਾਂ ਦੇ ਕੈਂਪਸ ਦੇ ਅੰਦਰ ਖੜੇ ਹੋਣ । ਇਸ ਤੋਂ ਇਲਾਵਾ ਇਹਨਾਂ ਕੰਪਨੀਆਂ ਪਾਸੋਂ ਕਿੰਨਾ ਪ੍ਰਾਪਰਟੀ ਟੈਕਸ ਆ ਰਿਹਾ ਹੈ ਦੱਸਿਆ ਜਾਵੇ ।

ਮੇਅਰ ਜੀ ਨੇ ਕਮਿਸ਼ਨਰ ਜੀ ਨੂੰ ਹਦਾਇਤ ਕੀਤੀ ਕਿ ਜਿਹੜੇ ਟਰੱਕ ਹਾਈਵੇਅ ਤੇ ਖੜੇ ਰਹਿੰਦੇ ਹਨ, ਦੀ ਪਾਰਕਿੰਗ ਇਹਨਾਂ ਕੰਪਨੀਆਂ ਦੇ ਕੈਂਪਸ ਵਿਖੇ ਹੀ ਹੋਵੇ ਸਬੰਧੀ ਸਬੰਧਤ ਵਿਭਾਗਾਂ ਨੂੰ ਪੱਤਰ ਜਾਰੀ ਕੀਤਾ ਜਾਵੇ । ਪ੍ਰਾਪਰਟੀ ਟੈਕਸ ਸਬੰਧੀ ਡਿਟੇਲ ਅਗਲੀ ਮੀਟਿੰਗ ਵਿੱਚ ਦਿੱਤੀ ਜਾਵੇ ।

ਸ੍ਰੀ ਬਲਰਾਜ ਠਾਕੁਰ, ਕੌਂਸਲਰ ਨੇ ਮੰਗ ਕੀਤੀ ਕਿ ਵਾਰਡਾਂ ਵਿੱਚੋਂ ਘਾਹ, ਮਲਬਾ ਆਦਿ ਚੁੱਕਣ ਲਈ ਜ਼ੋਨ ਵਾਈਜ਼ ਟਰਾਲੀਆਂ ਨਹੀਂ ਹਨ ਤੇ ਨਾ ਹੀ ਬੇਲਦਾਰ ਹਨ । ਉਹਨਾਂ ਇਹ ਵੀ ਕਿਹਾ ਕਿ ਮੀਟਿੰਗ ਵਿੱਚ ਪਹਿਲਾਂ ਕੌਂਸਲਰਾਂ ਵਲੋਂ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਦਿੱਤੇ ਜਾਇਆ ਕਰਨ ।

ਸ੍ਰੀਮਤੀ ਸ਼ੈਲੀ ਖੰਨਾ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਦੀਆਂ ਸੜਕਾਂ ਪਾਸ ਹੋਈਆਂ ਸਨ ਪਰ ਕੰਮ ਸ਼ੁਰੂ ਨਹੀਂ ਹੋਏ । 28 ਲਾਈਟਾਂ ਖ਼ਰਾਬ ਪਈਆਂ ਹਨ । ਠੇਕੇਦਾਰ ਕੋਈ ਸੁਣਵਾਈ ਨਹੀਂ ਕਰਦੇ ।

ਜ਼ਿਆਦਾਤਰ ਕੌਂਸਲਰਾਂ ਵਲੋਂ ਕੂੜੇ ਦੀ ਸੱਮਸਿਆ ਸਬੰਧੀ ਮੁੱਦੇ ਉਠਾਏ ਗਏ ਤਾਂ ਕਮਿਸ਼ਨਰ ਜੀ ਨੇ ਸਮੂਹ ਕੌਂਸਲਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨੈਸ਼ਨਲ ਪਰੋਡਕਟੀਵਿਟੀ ਕੌਂਸਲ ਵਲੋਂ ਦੋ ਦਿਨਾਂ ਵਰਕਸ਼ਾਪ ਸਾਲਿਡ ਵੇਸਟ ਮੈਨੇਜਮੈਂਟ ਸਬੰਧੀ ਕਰਵਾਈ ਸੀ ਪਰ ਸਿਰਫ ਦੋ ਹੀ ਕੌਂਸਲਰ ਇਸ ਵਰਕਸ਼ਾਪ ਵਿੱਚ ਸ਼ਾਮਲ ਹੋਏ । ਕੂੜੇ ਨੂੰ ਵਿਗਿਆਨਕ ਤਰੀਕੇ ਨਾਲ ਕਿਸ ਤਰ੍ਹਾਂ ਮੈਨੇਜ਼ ਕਰਨਾ ਹੈ, ਸਬੰਧੀ ਸਾਨੂੰ ਸਾਰਿਆਂ ਨੂੰ ਸੋਚਨਾ ਪਵੇਗਾ ।

ਸ੍ਰੀਮਤੀ ਸ਼ਵੇਤਾ ਧੀਰ, ਕੌਂਸਲਰ ਨੇ ਪੰਜਾਬ ਕੇਸਰੀ ਅਖ਼ਬਾਰ ਫੜ ਕੇ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਖ਼ਬਾਰ ਵਿੱਚ ਲਿਖਿਆ ਹੈ ਕਿ ਨਵਾਂ ਹਾਊਸ ਦੋ ਸਾਲ ਸਿਰਫ ਕੂੜੇ ਦੇ ਸੀਵਰੇਜ਼ ਦੀਆਂ ਸੱਮਸਿਆਵਾਂ ਵਿੱਚ ਹੀ ਉਲਝਿਆ ਰਿਹਾ ਹੈ।ਨਗਰ ਨਿਗਮ ਵਲੋਂ ਕਰੋੜਾਂ ਰੁਪਏ ਦੇ ਟੈਂਡਰ ਲਗਾਏ ਜਾਂਦੇ ਹਨ ਪਰ ਗੰਦੇ ਪਾਣੀ ਦੀ ਸੱਮਸਿਆ ਦੂਰ ਨਹੀਂ ਹੋ ਰਹੀ । ਵਾਰਡ ਵਿੱਚ ਪਾਣੀ ਦੀ ਸਪਲਾਈ ਵੀ ਠੀਕ ਨਹੀਂ ਹੈ । ਅਸੀਂ 18 ਤੋਂ 20,000/- ਰੁਪਏ ਕੋਲ੍ਹੋ ਖ਼ਰਚ ਕਰਕੇ ਟੈਂਕਰ ਮੰਗਵਾਏ ਹਨ । ਦੋਂ ਸਾਲਾਂ ਤੋਂ ਸੀਵਰੇਜ਼ ਬਲਾਕੇਜ਼ ਦੀ ਸੱਮਸਿਆ ਜਿਹੜੀ ਕਿ ਮੇਅਰ ਜੀ ਖੁਦ ਦੇਖ ਚੁੱਕੇ ਹਨ, ਦੂਰ ਨਹੀਂ ਹੋ ਰਹੀ ।

ਮੇਅਰ ਜੀ ਨੇ ਸਬੰਧਤ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੂੰ ਜਵਾਬ ਦੇਣ ਲਈ ਕਿਹਾ ਤਾਂ ਉਹਨਾਂ ਕਿਹਾ ਕਿ ਹਫ਼ਤਾ ਪਹਿਲਾਂ ਵਿਜ਼ਟ ਕੀਤੀ ਸੀ ਪਰ ਇਹੋ ਜਿਹੀ ਕੋਈ ਸੱਮਸਿਆ ਨਹੀਂ ਸੀ । ਇਸ ਤੇ ਮੇਅਰ ਜੀ ਨੇ ਉਹਨਾਂ ਨੂੰ ਹਦਾਇਤ ਕੀਤੀ ਕਿ ਤੁਸੀਂ ਕਲ੍ਹ ਕੌਂਸਲਰ ਨੂੰ ਖ਼ੁਦ ਜਾ ਕੇ ਮਿਲੋ ।

ਸ੍ਰੀਮਤੀ ਰਾਧਿਕਾ ਪਾਠਕ, ਕੌਂਸਲਰ ਨੇ ਕਿ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਕੂੜੇ ਦੀ ਲਿਫਟਿੰਗ ਦੀ ਸੱਮਸਿਆ ਹੈ।ਵਾਰਡ ਨੰ: 50 ਅਤੇ 51 ਪਾਸ ਇੱਕ ਹੀ ਟਰਾਲੀ ਹੈ । ਹੋਰ ਟਰਾਲੀ ਦਿੱਤੀ ਜਾਵੇ । ਟਿੱਕੀਆਂ ਵਾਲਾ ਚੌਂਕ ਤੋਂ ਕਬਜ਼ੇ ਹਟਾਏ ਗਏ ਸੀ ਪਰ ਮਲਬਾ ਨਹੀਂ ਚੁੱਕਿਆ ਗਿਆ ਅਤੇ ਲੋਕ ਉਥੇ ਕੂੜਾ ਸੁੱਟਣ ਲੱਗ ਪਏ ਹਨ ।ਉਹਨਾਂ ਇਹ ਵੀ ਕਿਹਾ ਕਿ ਉਹਨਾਂ ਦੇ ਵਾਰਡ ਦੇ 3 ਸਫਾਈ ਸੇਵਕ ਰਿਟਾਇਰ ਹੋ ਗਏ ਹਨ, ਇੱਕ ਦੀ ਮੌਤ ਹੋ ਗਈ ਹੈ ।ਮੌਤ ਉਪਰੰਤ ਉਸਦੀ ਪਤਨੀ ਨੂੰ ਕਿਸੇ ਹੋਰ ਵਾਰਡ ਵਿੱਚ ਤੈਨਾਤ ਕਰ ਦਿੱਤਾ ਗਿਆ ਹੈ । ਉਹਨਾਂ ਸਫਾਈ ਸੇਵਕਾਂ ਦੀ ਵੀ ਮੰਗ ਕੀਤੀ ।

ਮੇਅਰ ਜੀ ਨੇ ਉਹਨਾਂ ਨੂੰ ਇਸ ਮੰਤਵ ਲਈ ਕਮਿਸ਼ਨਰ ਜੀ ਨੂੰ ਮਿਲਣ ਦੀ ਹਦਾਇਤ ਕੀਤੀ ।

ਸ੍ਰੀ ਜਗਦੀਸ਼ ਕੁਮਾਰ ਦਕੋਹਾ, ਕੌਂਸਲਰ ਨੇ ਕਿਹਾ ਕਿ ਹਾਊਸ ਦੀ ਮੀਟਿੰਗ ਸਾਰਾ ਦਿਨ ਚਲਨੀ ਚਾਹੀਦੀ ਹੈ ਅਤੇ ਸਾਰੇ ਵਿਭਾਗਾਂ ਦੇ ਮੁਖੀ ਇਸ ਮੀਟਿੰਗ ਵਿੱਚ ਜ਼ਰੂਰ ਹਾਜ਼ਰ ਹੋਇਆ ਕਰਨ ।ਉਹਨਾਂ ਇਹ ਵੀ ਕਿਹਾ ਕਿ ਕਮਿਸ਼ਨਰ ਜੀ ਯਕੀਨੀ ਬਨਾਉਣ ਕਿ ਅੱਗੇ ਤੋਂ ਹਾਊਸ ਦੀ ਮੀਟਿੰਗ ਵਿੱਚ ਸਾਰੇ ਐਚ.ਓ.ਡੀਜ਼ ਮੀਟਿੰਗ ਵਿੱਚ ਹਾਜ਼ਰ ਹੋਣ । ਉਹਨਾਂ ਕਿਹਾ ਕਿ ਪਹਿਲਾਂ ਬੀ.ਐਂਡ ਆਰ. ਵਿਭਾਗ ਪਾਸ ਆਪਣੀ ਡਿੱਚ ਮਸ਼ੀਨ ਹੁੰਦੀ ਸੀ, ਉਹ ਹੁਣ ਹੈਲਥ ਸ਼ਾਖਾ ਕੋਲ ਚਲੀਆਂ ਗਈਆਂ ਹਨ । ਕਲ੍ਹ ਕ੍ਰਿਸਮਸ ਦੇ ਮੌਕੇ ਤੇ ਇੱਕ ਪ੍ਰੋਗਰਾਮ ਹੋਣ ਕਾਰਣ ਸਾਫ ਸਫਾਈ ਲਈ ਡਿੱਚ ਨਹੀਂ ਮਿਲੀ ਜਿਸ ਕਰਕੇ ਬਜ਼ਾਰੋਂ 500/- ਰੁਪਏ ਪ੍ਰਤੀ ਘੰਟੇ ਦੇ ਹਿਸਾਬ ਨਾਲ ਡਿੱਚ ਮਸ਼ੀਨ ਮੰਗਵਾ ਕੇ ਕੋਲ੍ਹੋਂ ਪੈਸੇ ਖ਼ਰਚ ਕਰਕੇ ਕੰਮ ਕਰਵਾਇਆ ਗਿਆ ।

ਮੇਅਰ ਜੀ ਨੇ ਕਮਿਸ਼ਨਰ ਜੀ ਨੂੰ ਕਿਹਾ ਕਿ ਮੀਟਿੰਗ ਵਿੱਚ ਸਾਰੇ ਐਚ.ਓ.ਡੀਜ਼ ਹਾਜ਼ਰ ਹੋਣ, ਯਕੀਨੀ ਬਨਾਇਆ ਜਾਵੇ।

ਸ੍ਰੀਮਤੀ ਚੰਦਰਜੀਤ ਕੌਰ ਸੰਧਾ, ਕੌਂਸਲਰ ਨੇ ਕਿਹਾ ਕਿ ਕਾਫੀ ਸਮੇਂ ਤੋਂ ਰਾਜਾ ਗਾਰਡਨ ਦੀ ਐਂਟਰੈਂਸ ਤੇ ਡੰਪ ਬਣਿਆ ਹੋਇਆ ਹੈ ਅਤੇ ਅੱਜ ਕੁੱਝ ਟਰਾਲੀਆ ਉਥੋਂ ਚੁੱਕਵਾਈਆਂ ਗਈਆਂ ਹਨ ।ਹਾਲ੍ਹੇ ਵੀ 5-6 ਟਰਾਲੀਆਂ ਦਾ ਕੂੜਾ ਉਥੇ ਪਿਆ ਹੋਇਆ ਹੈ, ਨੂੰ ਵੀ ਚੁੱਕਵਾਇਆ ਜਾਵੇ । ਪਿੱਛੇ ਜਿਹੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਸਮਾਰੋਹ ਸਬੰਧੀ ਪ੍ਰਭਾਤ ਫੇਰੀਆਂ ਨਿੱਕਲਦੀਆਂ ਸਨ ਤਾਂ ਲੋਕ ਬਹੁਤ ਦੁਖੀ ਹੁੰਦੇ ਸਨ । ਹੁਣ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਪਰਵ ਸਬੰਧੀ ਪ੍ਰਭਾਤ ਫੇਰੀਆਂ ਨਿਕਲਣੀਆਂ ਸ਼ੁਰੂ ਹੋ ਗਈਆਂ ਹਨ, ਇਸ ਲਈ ਜਲਦ ਇਸ ਡੰਪ ਨੂੰ ਸਾਫ ਕਰਵਾਇਆ ਜਾਵੇ ।ਉਹਨਾਂ ਇਹ ਮੰਗ ਵੀ ਕੀਤੀ ਕਿ ਸੈਨੇਟਰੀ ਸੁਪਰਵਾਈਜ਼ਰਾਂ ਦੀ ਡਿਊਟੀ ਸੁਨਿਸ਼ਚਿਤ ਕੀਤੀ ਜਾਵੇ । ਹਾਰਟੀਕਲਚਰ ਵਾਲੇ ਫੋਨ ਹੀ ਨਹੀਂ ਚੁੱਕਦੇ ।

ਮੇਅਰ ਜੀ ਨੇ ਹਦਾਇਤ ਕੀਤੀ ਕਿ ਸਬੰਧਤ ਸੈਨੇਟਰੀ ਸੁਪਰਵਾਈਜ਼ਰ ਤੁਰੰਤ ਕੋਂਸਲਰ ਨੂੰ ਜਾ ਕੇ ਮਿਲਣ ਅਤੇ ਜਿਹੜੀਆਂ ਵੀ ਸ਼ਕਾਇਤਾਂ ਹਨ ਦੂਰ ਕਰਵਾਈਆਂ ਜਾਣ ।

ਸ੍ਰੀਮਤੀ ਅਨੀਤਾ, ਕੌਂਸਲਰ, ਵਾਰਡ ਨੰ: 41 ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਕੋਈ ਟਰਾਲੀ ਜਾਂ ਰੇਹੜਾ ਨਹੀਂ ਹੈ। ਨਾ ਹੀ ਸਫਾਈ ਸੇਵਕ ਹਨ । ਤਿੰਨ ਸਫਾਈ ਸੇਵਕਾਂ ਵਿੱਚੋਂ ਸਿਰਫ ਇੱਕ ਸਫਾਈ ਸੇਵਕ ਹੀ ਆਉਂਦਾ ਹੈ ।ਉਹਨਾਂ ਦੇ ਵਾਰਡ ਵਿੱਚ ਨਵੀਆਂ ਕਲੋਨੀਆਂ ਕੱਟੀਆਂ ਜਾ ਰਹੀਆ ਹਨ।ਬਿਲਡਰ ਛੋਟੇ-ਛੋਟੇ ਪਲਾਟ ਕੱਟ ਕੇ ਵੇਚ ਰਹੇ ਹਨ ਅਤੇ ਕਾਰਪੋਰੇਸ਼ਨ ਨੂੰ ਘਾਟਾ ਪੈ ਰਿਹਾ ਹੈ ।

ਸ੍ਰੀਮਤੀ ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ ਜੀ ਨੇ ਕਿਹਾ ਕਿ ਸ੍ਰੀ ਗੁਰੂ ਰਵੀਦਾਸ ਚੌਂਕ, ਬੂਟਾ ਮੰਡੀ ਦੀ ਜਲਦ ਰਿਪੇਅਰ ਕਰਵਾਈ ਜਾਵੇ । ਡਾ: ਬੀ.ਆਰ.ਅੰਬੇਡਕਰ ਚੌਂਕ ਤੋਂ ਨਿਗਮ ਦੀ ਹਦੂਦ ਤੱਕ ਰੋਡ ਸਵੀਪਿੰਗ ਮਸ਼ੀਨ ਨਾਲ ਸਫਾਈ ਕਰਵਾਈ ਜਾਵੇ । ਸਾਰੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਸ੍ਰੀ ਗੁਰੂ ਰਵੀਦਾਸ ਜੀ ਦੇ ਜਨਮ ਦਿਹਾੜੇ ਤੋਂ ਪਹਿਲਾਂ ਪਹਿਲਾਂ ਸਾਰੇ ਕੰਮ ਕਰਵਾਏ ਜਾਣ । ਇਸ ਤੋਂ ਇਲਾਵਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪਰਵ ਵੀ ਜਲਦ ਆ ਰਿਹਾ ਹੈ, ਸਬੰਧੀ ਵੀ ਸਾਰੇ ਕੰਮ ਜਲਦ ਮੁੰਕਮਲ ਕਰਵਾਏ ਜਾਣ ।

ਸ੍ਰੀ ਦਵਿੰਦਰ ਸਿੰਘ ਰੋਨੀ, ਕੌਂਸਲਰ ਨੇ ਕਿਹਾ ਕਿ ਇੱਕ ਸਾਲ ਅੱਠ ਮਹੀਨੇ ਤੋਂ ਉਹਨਾਂ ਦੇ ਵਾਰਡ 20-25 ਪਰਿਵਾਰਾਂ ਦੀਆਂ ਔਰਤਾਂ ਸੰਤਾਂ ਦੇ ਗੁਰੂਦੁਆਰੇ ਤੋਂ ਪਾਣੀ ਲਿਆ ਰਹੀਆਂ ਹਨ । ਟਿਊਬਵੈਲ ਕਦੋਂ ਲੱਗੇਗਾ। ਇਸ ਤੋਂ ਇਲਾਵਾ ਗੰਦੇ ਪਾਣੀ ਦੀ ਸੱਮਸਿਆ ਦਾ ਵੀ ਉਹਨਾਂ ਮੁੱਦਾ ਉਠਾਇਆ ।

ਐਸ.ਈ. (ਓ ਐਂਡ ਐਮ) ਨੇ ਦੱਸਿਆ ਕਿ ਟਿਊਬਵੈਲ ਦਾ ਟੈਂਡਰ ਪਾਸ ਹੋ ਚੁੱਕਾ ਹੈ, ਜਲਦ ਹੀ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ ।ਗੰਦੇ ਪਾਣੀ ਦੇ ਫਾਲਟ ਸਬੰਧੀ 1,88,000/- ਨਾਲ ਪਾਈਪਾਂ ਬਦਲਣ ਦਾ ਕੰਮ ਜਲਦ ਕਰਵਾ ਦਿੱਤਾ ਜਾਵੇਗਾ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
24.12.2019

ਇਸ ਉਪਰੰਤ ਮੇਅਰ ਜੀ ਨੇ ਰੈਗੁਲਰ ਅਜੰਡਾ ਪੜ੍ਹਣ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
24.12.2019

**ਮਤਾ ਨੰ: 123**

ਵਿਸ਼ਾ:- ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 29.11.2019 ਦੀ ਕਾਰਵਾਈ ਦੀ ਪੁਸ਼ਟੀ ਬਾਰੇ।

ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 29.11.2019 ਨੂੰ "ਡਾ. ਬੀ. ਆਰ. ਅੰਬੇਦਕਰ ਪ੍ਰਸ਼ਾਸ਼ਨਿਕ ਕੰਪਲੈਕਸ, ਨਗਰ ਨਿਗਮ ਜਲੰਧਰ" ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ ਅਤੇ ਨਗਰ ਨਿਗਮ ਜਲੰਧਰ ਦੀ ਵੈਬਸਾਈਟ www.mcjalandhar.in ਤੇ ਵੀ ਅਪਲੋਡ ਕੀਤੀ ਜਾ ਚੁੱਕੀ ਹੈ, ਹਾਊਸ ਵਿਚ ਸੂਚਨਾ ਅਤੇ ਪੁਸ਼ਟੀ ਹਿਤ ਪੇਸ਼ ਹੈ ।

ਫੈਸਲਾ:
ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
24.12.2019

**ਮਤਾ ਨੰ:** 124

ਵਿਸ਼ਾ:- ਵੱਖ-ਵੱਖ ਸ਼ਾਖਾਵਾ ਵਿੱਚ ਕੰਮ ਕਰ ਰਹੇ ਦਫਤਰੀ ਸੇਵਾਦਾਰਾ ਨੂੰ ਵੱਧੇ ਹੋਏ ਰੇਟਾ ਨਾਲ ਗਰਮ ਅਤੇ ਠੰਡੀਆਂ ਵਰਦੀਆਂ ਦੀ ਅਦਾਇਗੀ ਕਰਨ ਬਾਰੇ।

ਪੜ੍ਹਿਆ ਨੋਟ ਸੁਪਰਡੰਟ (ਸਟੋਰ ਜਨਰਲ) ਮਿਤੀ 14.11.2019 ਜਿਸ ਦੀ ਸ਼ਿਫਾਰਸ਼ ਸੰਯੁਕਤ ਕਮਿਸ਼ਨਰ (ਵੀ) ਨੇ ਕੀਤੀ ਹੈ ਕਿ ਨਗਰ ਨਿਗਮ ਜਲੰਧਰ ਦੇ ਵੱਖ-ਵੱਖ ਸ਼ਾਖਾਵਾਂ ਵਿੱਚ ਕੰਮ ਕਰ ਰਹੇ ਦਰਜਾ-4 ਕਰਮਚਾਰੀਆਂ ਦਫਤਰੀ ਸੇਵਾਦਾਰਾ ਨੂੰ ਗਰਮ ਅਤੇ ਠੰਡੀਆਂ ਵਰਦੀਆਂ ਲੈ ਕੇ ਦੇਣ ਲਈ। ਵੱਖ-ਵੱਖ ਬ੍ਰਾਂਚਾ ਦੇ ਬਿਲ ਕਲਰੱਕਾਂ ਵਲੋ ਰਿਪੋਰਟ ਕੀਤੀ ਗਈ ਹੈ ਕਿ ਪਹਿਲਾ ਇਨ੍ਹਾਂ ਕਰਮਚਾਰੀਆਂ ਨੂੰ ਸਾਲ 2015 ਨੂੰ ਗਰਮ ਅਤੇ ਠੰਡੀਆਂ ਵਰਦੀਆਂ ਦੇ ਪੈਸੇ ਦਿੱਤੇ ਗਏ ਸਨ।ਹੁਣ 10/2018 ਤੋ ਵੱਖ-ਵੱਖ ਸ਼ਾਖਾਵਾਂ ਵਿੱਚ ਕੰਮ ਕਰ ਰਹੇ 66 ਦਫਤਰੀ ਸੇਵਾਦਾਰਾ ਨੂੰ ਵਰਦੀਆਂ ਦੇ ਪੈਸੇ ਦੇਣੇ ਬਣਦੇ ਹਨ ਜਿਸ ਦਾ ਵੇਰਵਾ ਹੇਠ ਅਨੁਸਾਰ ਹੈ:-

| ਲੜੀ ਨੰ: | ਵਰਦੀਆਂ | ਰੇਟ | ਸਮਾਂ |
|---|---|---|---|
| 1 | ਗਰਮੀਆਂ ਦੀਆਂ ਵਰਦੀਆਂ | 594/- | 3 ਸਾਲ |
| 2 | ਸਰਦੀਆਂ ਦੀਆ ਵਰਦੀਆਂ | 500/- | 3 ਸਾਲ |
| 3 | ਸਲਾਈ ਸਰਦੀਆਂ ਦੀ ਵਰਦੀਆਂ | 232/- | 3 ਸਾਲ |
| 4 | ਜ਼ਰਸੀਆਂ | 113/- | 1 ਸਾਲ |
| 5 | ਬੂਟਾਂ ਦੇ ਰੇਟ 96.37×3= | 289/- | 1 ਸਾਲ |
| | ਜ਼ੋੜ | 1728 | |

ਜਿਸ ਨੂੰ ਪੰਜਾਬ ਸਰਕਾਰ ਨੇ ਅਪਣੇ ਪੱਤਰ ਨੰਬਰ ਅੰ.ਵਿ.ਪੋ. ਨੰ: 7/4/94-1ਸ/277-280 ਮਿਤੀ 20-06-2012 ਰਾਹੀ ਪੰਜਾਬ ਸਰਕਾਰ ਦੇ ਗਰੁਪ ਡੀ (ਦਰਜਾ-4 ਕਰਮਚਾਰੀਆਂ ਦੀਆਂ ਵਰਦੀਆਂ ਦੇ ਰੇਟ ਦੁੱਗਣਾ ਵਾਧਾ ਕੀਤਾ ਹੈ। ਇਥੇ ਇਹ ਵਰਨਣ ਯੋਗ ਹੈ ਕਿ ਉਪਰੋਕਤ ਕਰਮਚਾਰੀਆਂ ਨੂੰ ਬਿਲ ਕਲਰਕ ਦੀ ਰਿਪੋਰਟ ਅਨੁਸਾਰ ਪਹਿਲਾਂ ਠੰਡੀਆਂ ਅਤੇ ਗਰਮ ਵਰਦੀਆਂ ਦੀ ਅਦਾਇਗੀ ਸਾਲ 2015 ਨੂੰ ਕੀਤੀ ਗਈ ਸੀ।ਸਰਕਾਰ ਦੀਆਂ ਹਦਾਇਤਾ ਅਨੁਸਾਰ ਹਰੇਕ ਤਿਨਾਂ ਸਾਲਾ ਬਾਅਦ ਗਰਮ ਅਤੇ ਠੰਡੀਆਂ ਵਰਦੀਆ ਦੀ ਅਦਾਇਗੀ ਕੀਤੀ ਜਾਂਦੀ ਹੈ।ਨਗਰ ਨਿਗਮ ਜਲੰਧਰ ਦੇ ਦਫਤਰੀ ਸੇਵਾਦਾਰਾ /ਦਰਜਾ-4 ਕਰਮਚਾਰੀਆਂ ਨੂੰ ਸਾਲ 10/2018 ਵਿੱਚ ਵਰਦੀਆਂ ਦੇਣੀਆਂ ਬਣਦੀਆਂ ਹਨ।ਇਸ ਲਈ ਨਗਰ ਨਿਗਮ ਜਲੰਧਰ ਦੇ ਵੱਖ-ਵੱਖ ਸ਼ਾਖਾਵਾ ਦੇ ਦਰਜਾ-4 ਦੇ ਕਰਮਚਾਰੀਆਂ (ਸੇਵਾਦਾਰਾ) ਦੀ ਗਰਮ ਅਤੇ ਠੰਡੀਆਂ ਵਰਦੀਆਂ ਰਕਮ ਰੁ: 1728×2=3456 ×66= 2,28,096/- ਦਾ ਖਰਚਾ ਆਵੇਗਾ।ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋ ਲੋੜੀਂਦੀ ਹੈ।ਕਮਿਸ਼ਨਰ ਜੀ ਨੇ ਮਿਤੀ 27.11.2019 ਰਾਹੀਂ ਤਜਵੀਜ ਹਾਊਸ ਵਿਚ ਰੱਖਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 2.12.2019 ਰਾਹੀਂ ਤਜਵੀਜ ਹਾਊਸ ਵਿਚ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਵਿਚਾਰ ਵਟਾਂਦਰੇ ਉਪਰੰਤ ਫੈਸਲਾ ਹੋਇਆ ਕਿ ਕਰਮਚਾਰੀਆਂ ਨੂੰ ਦੋ-ਦੋ ਵਰਦੀਆਂ ਦੇਣ ਲਈ ਖ਼ਰਚਾ ਮੰਜ਼ੂਰ ਕੀਤਾ ਜਾਂਦਾ ਹੈ। ਇਹ ਵੀ ਫੈਸਲਾ ਹੋਇਆ ਕਿ ਇਹ ਵਰਦੀਆਂ ਕਰਮਚਾਰੀਆਂ ਵਲੋਂ ਪਾਉਣੀਆਂ ਲਾਜ਼ਮੀ ਕੀਤੀਆਂ ਜਾਣ ਅਤੇ ਜੇਕਰ ਕੋਈ ਕਰਮਚਾਰੀ ਵਰਦੀ ਨਹੀਂ ਪਾਉਂਦਾ ਤਾਂ ਉਸ ਦੀ ਗੈਰ-ਹਾਜ਼ਰੀ ਲਗਾਈ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,

24.12.2019

**ਮਤਾ ਨੰ:** 125

ਵਿਸ਼ਾ:- ਸਾਲ 2016-17 ਅਤੇ 2017-18 ਲਈ ਸਫਾਈ ਕਰਮਚਾਰੀਆਂ ਅਤੇ ਹੋਰ ਦਰਜਾ 3 ਅਤੇ 4 ਕਰਮਚਾਰੀਆ ਲਈ ਸਰਸੋਂ ਦਾ ਤੇਲ ਅਤੇ ਲਾਈਫ ਬੋਆਏ ਸਾਬਨ ਦੀ ਖਰੀਦ ਕਰਨ ਸਬੰਧੀ।

ਪੜ੍ਹਿਆ ਨੋਟ ਸੁਪਰਡੰਟ ਸਟੋਰ (ਜ) ਮਿਤੀ 9.12.2019 ਜਿਸ ਦੀ ਸਿਫਾਰਸ਼ ਸੰਯੁਕਤ ਕਮਿਸ਼ਨਰ (ਵੀ) ਨੇ ਕੀਤੀ ਹੈ ਕਿ ਨਗਰ ਨਿਗਮ ਵਿੱਚ ਕੰਮ ਕਰ ਰਹੇ ਸਫਾਈ/ਸੇਵੀਕਾਵਾਂ ਅਤੇ ਹੋਰ ਦਰਜਾ 3 ਅਤੇ 4 ਕਰਮਚਾਰੀਆਂ ਨੂੰ 31-03-2015 ਤੱਕ ਸਾਬਣ ਅਤੇ ਸਰਸੋ ਦਾ ਤੇਲ ਵੱਡਿਆ ਜਾ ਚੱਕਾ ਹੈ।ਹੁਣ ਇਨ੍ਹਾਂ ਕਰਮਚਾਰੀਆਂ ਨੂੰ ਮਿਤੀ 01-04-2016 ਤੋ 01-03-2017 ਅਤੇ 01-04-2017 ਤੋ 01-03-2018 ਤੱਕ ਲਾਈਫ ਬੋਆਏ ਸਾਬਣ ਅਤੇ ਸਰਸੋ ਦਾ ਤੇਲ ਦੇਣਾ ਬਣਦਾ ਹੈ।ਵਿਭਾਗਾਂ ਦੇ ਸਬੰਧਤ ਬਿੱਲ ਕਲੱਰਕਾਂ ਤੋ ਪ੍ਰਾਪਤ ਲਿਸਟਾਂ ਅਨੁਸਾਰ ਕਰਮਚਾਰੀਆਂ ਦਾ ਵੇਰਵਾ ਹੇਠ ਲਿਖਤ ਅਨੁਸਾਰ ਹੈ:-

| ਲੜੀ ਨੰ: | ਸ਼ਾਖਾ ਦਾ ਨਾਮ | ਲਾਈਫ ਬੋਆਏ ਸਾਬਣ ਦੇਣ ਸਬੰਧੀ ਕਰਮਚਾਰੀਆਂ ਦੀ ਗਿਣਤੀ | ਸਰਸੋ ਦਾ ਤੇਲ ਦੇਣ ਸਬੰਧੀ ਕਰਮਚਾਰੀਆਂ ਦੀ ਗਿਣਤੀ |
|---|---|---|---|
| 1 | ਸਫਾਈ ਸੇਵਕਾਂ/ਸੇਵੀਕਾਵਾਂ ਹੈਲਥ ਸ਼ਾਖਾ | 2032 | 2024 |
| 2 | ਮਾਲੀ ਬੇਲਦਾਰ ਬੀ.ਐਡ.ਆਰ ਅਤੇ ਬਾਗਬਾਨੀ ਸ਼ਾਖਾ | 236 | 236 |
| 3 | ਵਾਟਰ ਸਪਲਾਈ ਅਤੇ ਸੀਵਰੇਜ | 350 | 312 |
| 4 | ਹੈਲਥ ਸ਼ਾਖਾ | 4 | 4 |
| 5 | ਜਨਰਲ ਬ੍ਰਾਂਚ (ਬਿਲਡਿੰਗ ਅਤੇ ਤਹਿਬਜਾਰੀ ਸ਼ਾਖਾ) | 20 | 20 |
| 6 | ਦਫਤਰ ਅਤੇ ਵਰਕਸ਼ਾਪ ਦੇ ਡਰਾਈਵਰ | 34 | 00 |
| 64 | 36 | Maintenance & repair work Budha Mal Park | 5.58 |
| 65 | 36 | P/L BM & PC okn main road backside Police division no. 5 | 30.88 |
| 66 | 36 | Const. of CC streets in New Suraj Ganj adjoining Bhargo Camp | 18.30 |
| 67 | 39 | P/F Physical & Children games at K.P.Park | 1.32 |
| 68 | 39 | Const. & Repair of Shivpuri at Jallowal Abadi | 17.87 |
| 69 | 42 | Const. of CC streets near Arya Samaj Mandir | 9.07 |
| 70 | 42 | Const. of RCC streets from Gurudwara Basti Adda to Ravi Juice | 31.27 |
| 71 | 44 | Const. of CC streets near Govt. Girls School | 24.00 |
| 72 | 44 | Const. of CC streets near Post Office | 18.00 |
| 73 | 44 | Const. of CC streets near Dy.Mayor House | 22.00 |
| 74 | 45 | Const. of CC streets in Bagh Ahluwalia | 34.95 |
| 75 | 45 | Const. of CC streets at Gobind Nagar | 28.51 |
| 76 | 45 | Const. of CC streets in old Dusshera Ground | 33.11 |
| 77 | 45 | Const. of CC streets Babrik Chowk to Basti Nau | 27.11 |
| 78 | 45 | Const. of CC streets at Dilbagh Nagar | 48.77 |
| 79 | 49 | P/L of cement concrete in the streets of SUS Nagar Part-2 | 40.00 |
| 80 | 49 | P/L of cement concrete in the streets of SUS Nagar Part-1 | 24.68 |
| 81 | 50 | P/L of Cement Con. in street of Makdompura and Kot Pakshian mohalla. | 17.47 |
| 82 | 50 | P/L of Cement Con. in street of Machina wali gali | 2.39 |
| 83 | 51 | P/L Cement concrete in the various streets | 15.10 |
| 84 | 51 | P/L of CC in Kot Pakshian mohalla | 12.55 |
| 85 | 52 | P/L of Cement Con. in street of chowk Sudan mandir wali gali and Charanjitpura | 5.82 |
| 86 | 52 | P/L of CC 1:2:4 in the streets of Charanjit Pura | 12.44 |
| 87 | 52 | Const. of CC streets in Ali Mohalla | 4.50 |
| 88 | 53 | Const. of CC flooring in streets near Mata Chintpurni Mandir in Chandan Nagar | 20.66 |
| 89 | 54 | Const. of CC flooring in streets of Rasta Mohalla | 4.23 |
| 90 | 54 | Const. of Tega and Road gullies for covering of drains in Rasta Mohalla | 3.61 |
| 91 | 55 | Development of Park in Brahm Kund. | 34.10 |
| 92 | 55 | Const. of Retaining wall of Disposal in Dhan Mohalla | 30.26 |
| 93 | 55 | Const. of CC flooring in streets in Kot Kishan chand | 22.78 |
| 94 | 55 | Const. of CC flooring in streets in Dhan Mohalla. | 5.42 |
| 95 | 55 | Const. of CC flooring in streets near Disposal in Dhan mohalla | 13.86 |
| 96 | 56 | P/L of cement conc. in street of Amrik nagar . | 18.09 |
| 97 | 56 | P/L of cement conc. in Ajit Nagar and New Ajit Nagar. | 20.92 |
| 98 | 57 | Const. of CC flooring in streets in Kishan Pura | 7.68 |

| | | | |
|---|---|---|---|
| 99 | 57 | Const. of CC flooring in streets in Prithvi Nagar | 9.74 |
| 100 | 57 | Const. of CC flooring in Kishan Pura | 6.53 |
| 101 | 57 | Const. of CC flooring in streets in Prithvi Nagar | 23.00 |
| 102 | 58 | Const. of CC flooring in streets in Arjan Nagar | 4.64 |
| 103 | 58 | Const. of CC flooring on road sides on Hoshiarpur road | 12.16 |
| 104 | 60 | Const. of CC flooring in streets near Patwari wali gali in Moh. Santokhpura | 13.36 |
| 105 | 62 | Const. of CC streets at Amar Garden | 19.22 |
| 106 | 62 | Construction of CC street near Sodal Mandir. | 14.06 |
| 107 | 62 | Const. of CC streets in Kot Baba deep Singh nagar | 16.12 |
| 108 | 63 | Const. of CC street at Globe colony. | 6.90 |
| 109 | 63 | Const. of CC street at Lathimaar Mohalla. | 5.24 |
| 110 | 65 | Const. of CC streets at Gandhi Camp near PMD Public School | 4.87 |
| 111 | 65 | Const. of CC street in Gandhi Camp near FCI Godown. | 31.05 |
| 112 | 65 | P/L 25mm thick SDBC on road from Chandan Nagar RUB to Gazi Gulla Railway crossing | 9.87 |
| 113 | 65 | Const. of CC streets in Satnam Nagar | 3.90 |
| 114 | 69 | Const. of CC streets at Arya Nagar. | 7.97 |
| 115 | 79 | P/L 25mm thick SDBC on Golden Avenue road. Maqsudan. | 6.08 |

ਫੈਸਲਾ:

ਪ੍ਰਵਾਨ ਹੈ। ਇਹ ਵੀ ਫੈਸਲਾ ਹੋਇਆ ਕਿ ਲੜੀ ਨੰ: 65 ਦੀ ਅਮਾਉਂਟ 23.88 ਲੱਖ, ਲੜੀ ਨੰ: 72 ਦੀ ਅਮਾਉਂਟ 15.63 ਲੱਖ ਅਤੇ ਲੜੀ ਨੰ: 73 ਦੀ ਅਮਾਉਂਟ 18.58 ਲੱਖ ਪੜ੍ਹੀ ਜਾਵੇ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,

24.12.2019

**ਮਤਾ ਨੰ:** 143

ਵਿਸ਼ਾ:- ਬੀ.ਐਂਡ ਆਰ ਦੇ ਤਖਮੀਨੇ ਜਿਹਨਾਂ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਗਈ।

ਕਾਰਜਕਾਰੀ ਇੰਜੀਨੀਅਰ 1,2,3 ਅਤੇ 4 (ਬੀ.ਐਂਡ ਆਰ.) ਵਲੋਂ ਸ਼ਹਿਰ ਦੇ ਵੱਖ-ਵੱਖ ਥਾਂਵਾ /ਕਲੋਨੀਆਂ ਪਾਰਕਾਂ ਦੇ ਮੋਕੇ ਵੇਖਣ ਉਪਰੰਤ, ਹੇਠ ਲਿਖੇ ਤਖਮੀਨਿਆਂ ਨੂੰ ਤਿਆਰ ਕੀਤਾ ਹੈ। ਇਹਨਾਂ ਤਖਮੀਨਿਆਂ ਨੂੰ ਪ੍ਰਵਾਨ ਕਰਨ ਬਾਰੇ ਨਿਗਰਾਨ ਇੰਜੀਨੀਅਰ ਵੱਲੋ ਵੱਖ-ਵੱਖ ਸਮੇਂ ਤੇ ਸਿਫਾਰਸ਼ਾਂ ਕੀਤੀਆਂ ਗਈਆਂ ਹਨ। ਜਿਸ ਨਾਲ ਕਮਿਸ਼ਨਰ ਜੀ ਨੇ ਵੀ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ਾਂ ਨਾਲ ਇਹਨਾਂ ਤਖਮੀਨਿਆਂ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਵੱਖ ਵੱਖ ਮੰਜ਼ੂਰੀ ਦਿੱਤੀ ਹੈ। ਇਹ ਤਖਮੀਨੇ ਅੰਤਿਮ ਪ੍ਰਵਾਨਗੀ ਹਿੱਤ ਨਗਰ ਨਿਗਮ ਹਾਊਸ ਦੀ ਮੀਟਿੰਗ ਵਿਚ ਪੇਸ਼ ਹਨ:-

| ਲੜੀ ਨੰ: | ਵਾਰਡ ਨੰ: | ਕੰਮ ਦਾ ਨਾਮ | ਤਖਮੀਨਾ ਰਾਸ਼ੀ (ਲੱਖਾਂ ਵਿਚ) |
|---|---|---|---|
| 1 | 52 | P/L of Cement Concrete in streets of Pipla wala chowk, Kotwali Bazaar. | 6.26 |

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
24.12.2019

ਮਤਾ ਨੰ: 144

ਵਿਸ਼ਾ:- ਓ.ਐਂਡ ਐਮ. ਨਾਲ ਸਬੰਧਤ ਕੰਮਾਂ ਦੇ ਤਖਮੀਨਿਆਂ ਦੀ ਪ੍ਰਵਾਨਗੀ ਬਾਰੇ।

ਸ਼ਹਿਰ ਦੇ ਵੱਖ-ਵੱਖ ਵਾਰਡਾਂ/ਇਲਾਕਿਆਂ ਦੇ ਓ.ਐਂਡ ਐਮ. ਦੇ ਤਖਮੀਨੇ ਇਲਾਕਾ ਕੌਂਸਲਰ ਅਤੇ ਐਮ.ਐਲ.ਏ ਸਾਹਿਬਾਨ ਦੀ ਮੰਗ ਨੂੰ ਮੁੱਖ ਰਖਦੇ ਹੋਏ ਅਤੇ ਵਿਭਾਗੀ ਤੌਰ ਤੇ ਕਰਵਾਏ ਜਾਣ ਵਾਲੇ ਤਖਮੀਨੇ ਤਿਆਰ ਕੀਤੇ ਗਏ ਹਨ, ਇਹਨਾਂ ਵੱਖ-ਵੱਖ ਤਖਮੀਨਿਆਂ ਤੇ ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਅਤੇ ਕਮਿਸ਼ਨਰ ਜੀ ਨੇ ਵੀ ਹਾਊਸ ਵਿਚ ਵਿਚਾਰਨ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ, ਜਿਸ ਦੀ ਪ੍ਰਵਾਨਗੀ ਹਾਊਸ ਤੋਂ ਲੋੜੀਂਦੀ ਹੈ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਹੇਠ ਲਿਖੇ ਤਖਮੀਨੇ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹਨ:-

| ਲੜੀ ਨੰ: | ਵਾਰਡ ਨੰ: | ਕੰਮ ਦਾ ਨਾਂ | ਤਖਮੀਨਾਂ ਰੁ. |
|---|---|---|---|
| 1 | ਜ਼ | ਸੀਵਰੇਜ਼ ਦੀ ਮੇਨਟੀਨੈਂਸ ਲਈ ਸੀਵਰਮੈਨ ਸਟਾਫ ਵਾਸਤੇ ਓ.ਐਂਡ ਐਮ. ਸਟੋਰ ਵਿੱਚ ਸਟੀਲ ਦੀਆਂ ਰੋਡਾਂ ਦੀ ਖਰੀਦ ਕਰਨ ਲਈ ਸਲਾਨਾ ਤਖਮੀਨਾ। | 15,34,000/- |
| 2 | 25 | ਡੀ.-ਸਿਲਟਿੰਗ ਆਫ ਸੀਵਰ ਲਾਈਨ ਵਿਦ ਸੁਪਰ ਸਕਸ਼ਨ ਮਸ਼ੀਨ ਮਿੱਠਾਪੁਰ ਚੌਂਕ ਤੋਂ ਕੈਂਟ ਰੋਡ/ 66 ਫੁਟੀ ਰੋਡ ਤੱਕ। | 15,13,000/- |
| 3 | 32 | ਰਿਪਲੇਸਮੈਂਟ ਆਫ ਸੀਵਰ ਲਾਈਨ ਫਰਾਮ ਡਾ.ਬੀ.ਆਰ.ਅੰਬੇਦਕਰ ਭਵਨ ਟੂ ਪੰਜ ਨੰਬਰ ਵਾਲੀ ਗਲੀ ਆਬਾਦਪੁਰਾ। ਜ਼ੋਨ ਨੰ: 4 ਬਸਤੀ ਸ਼ੇਖ। | 10,13,659/- |
| 4 | ਜ਼ | Annual Estimate for Operation & Maintinace of IPS (Intermediate Pumping Station) at Dhanowali Zone No. 5-A | 13,06,536/- |
| 5 | 20 | Laying of 8" dia sewer line from Mama's pride School to Lions Club Lajpat Nagar. | 3,46,820/- |
| 6 | 3 | ਸੰਜੇ ਗਾਂਧੀ ਨਗਰ ਵਿੱਚ ਗਲੀ ਨੰ: 14 ਅਤੇ ਗਲੀ ਨੰ: 6 ਅਤੇ ਨਾਲ ਲਗਦੇ ਇਲਾਕੇ ਵਿੱਚ ਸੀਵਰ ਲਾਈਨ ਪਾਉਣ ਬਾਰੇ । | 2,77,416/- |
| 7 | 3 | ਸੰਜੇ ਗਾਂਧੀ ਨਗਰ ਗਲੀ ਨੰ: 10 ਵਿਖੇ ਸੀਵਰ ਲਾਈਨ ਪਾਉਣ ਬਾਰੇ । | 1,22,753/- |
| 8 | 39 | ਲੇਈਂਗ ਆਫ ਨਿਉ ਸੀਵਰ ਲਾਈਨ ਐਟ ਜੱਲੋਵਾਲ ਅਬਾਦੀ ਰੋਡ ਨਿਅਰ ਸ਼ਾਕਰ ਫੈਕਟਰੀ | 7,45,712/- |
| 9 | ਜ਼ | ਕਾਲਾ ਸੰਘਿਆ ਡਰੇਨ ਵਿੱਚ ਡਿੱਗ ਰਹੀਆਂ ਸੀਵਰ ਲਾਈਨਾਂ ਨੂੰ ਮੇਨ ਸੀਵਰੇਜ਼ ਨਾਲ ਜ਼ੋੜ੍ਹਣ ਬਾਰੇ । | 4,93,200/- |
| 10 | 73 | ਪ੍ਰੋਵਾਇਡਿੰਗ ਐਂਡ ਇੰਸਟਾਲੇਸ਼ਨ ਆਫ 8" ਡਾਇਆ ਸੀਵਰ ਲਾਈਨ ਐਟ 120 ਫੁੱਟੀ ਰੋਡ | 19,94,000/- |
| 11 | ਜ਼ | ਪ੍ਰਚੇਜ਼ ਆਫ ਸੀਵਰ ਜੈਟਿੰਗ ਹੋਜ਼ ਪਾਈਪ ਫਾਰ ਸੀਵਰ ਜੈਟਿੰਗ ਮਸ਼ੀਨ ਵਰਕਿੰਗ ਇਨ ਓ ਐਂਡ ਐਮ ਸੈਲ | 20,13,670/- |
| 12 | ਜ਼ | 1. Estimate for providing Sewerage scheme & GI pipe 50mm i/d water supply line in Nangalian Mohalla, Bootan Mandi at Jalandhar. (Est. Sewerage Board deposit work)<br>2. Estimate for providing sewerage scheme in Sidharth Nagar at Jalandahr. (Est. Sewerage Board deposit work) | 22,95,000/-<br>24,82,000/- |
| 13 | 3 | ਵਾਰਡ ਨੰ: 3 ਵਿਚ ਪੈਂਦੇ ਵੱਖ-ਵੱਖ ਇਲਾਕਿਆ ਵਿਚ ਨਵੇਂ ਮੇਨਹੋਲ ਬਣਾਉਣ ਬਾਰੇ। | 4,63,854/- |
| 14 | 3 | ਸੰਜੇ ਗਾਂਧੀ ਨਗਰ ਵਿਚ ਗਲੀ ਨੰ: 6 ਅਤੇ ਖੰਨਾ ਇੰਡਸਟ੍ਰੀਅਲ ਬਲੰਦਪੁਰ ਰੋਡ ਗਦੱਈਪੁਰ ਵਿਚ ਸੀਵਰ ਦੀ ਲਾਈਨ ਪਾਉਣ ਬਾਰੇ। | 4,63,216/- |
| 15 | 71 | ਡੀ-ਸਿਲਟਿੰਗ ਆਫ ਸੀਵਰ ਲਾਈਨ ਵਿਦ ਸੁਪਰ ਸਕਸ਼ਨ ਮਸ਼ੀਲ ਫਰਾਮ ਮਕਸੂਦਾਂ ਚੌਂਕ ਟੂ ਨੰਦਨਪੁਰ ਰੋਡ। ਜ਼ੋਨ ਨੰ: 2 ਦਾਦਾ ਕਲੋਨੀ। | 18,15,600/- |
| 16 | 62 | ਜੇ.ਐਮ.ਪੀ. ਕਲੋਨੀ ਗੁਜਾ ਪੀਰ ਰੋਡ ਵਿਖੇ ਸੀਵਰ ਦੀ ਲਾਈਨ ਪਾਉਣ ਬਾਰੇ। | 6,90,559/- |
| 17 | 60 | ਸੰਤੋਖਪੁਰਾ ਨਵੀਂ ਆਬਾਦੀ ਵਿਖੇ ਸੀਵਰ ਦੀ ਲਾਈਨ ਪਾਉਣ ਬਾਰੇ। | 3,53,500/- |
| 18 | 60 | ਬਸਤੀ ਭੂਰੇ ਖਾਂ ਵਿਖੇ ਸੀਵਰ ਦੀ ਲਾਈਨ ਪਾਉਣ ਬਾਰੇ। | 3,25,426/- |
| 19 | 71 | ਜਵਾਲਾ ਨਗਰ ਤੋਂ ਹਾਈ ਸਕੂਲ ਮਕਸੂਦਾਂ ਵਿਖੇ ਨਵੀਂ ਸੀਵਰ ਲਾਈਨ ਪਾਉਣ ਬਾਰੇ। | 1,90,708/- |
| 20 | ਜ਼ | Purchase of fabricated manufacturing, testing and commissioning of four wheel vehicle drivers cabin chassis mounted hydraulic operated desilting garb bucket machine for O&M Cell. | 68,00,000/- |
| 21 | 71 | ਪ੍ਰੋਵਾਇਡਿੰਗ ਐਂਡ ਲੇਈਂਗ ਆਫ 8" ਡਾਇਆ ਐਸ.ਡਬਲਯੂ. ਪਾਈਪ ਐਟ ਨਿਊ ਸ਼ੀਤਲ ਨਗਰ | 3,15,850/- |
| 22 | 70 | ਮੁੱਹਲਾ ਰਾਮ ਨਗਰ ਨਿਅਰ ਡਿਸਪੋਜ਼ਲ ਵਿੱਚ ਨਵੀਂ ਸੀਵਰ ਲਾਈਨ ਪਾਉਣ ਬਾਰੇ । | 11,98,300/- |
| 23 | 10 | ਜ਼ੋਨ ਨੰ: 5-ਏ ਰਾਮਾ ਮੰਡੀ ਅਧੀਨ ਪੈਂਦੇ ਇਲਾਕਾ ਧੰਨੋਵਾਲੀ ਅਤੇ ਦਕੋਹਾ ਵਿਖੇ ਵੱਖ-ਵੱਖ ਸਾਈਜ਼ ਦੀਆਂ ਸੀਵਰ ਲਾਈਨਾਂ ਦੀ ਸਫਾਈ ਸੁਪਰ ਸਕਸ਼ਨ ਮਸ਼ੀਨਾਂ ਰਾਹੀਂ ਕਰਵਾਉਣ ਬਾਰੇ | 12,60,000/- |

| | | | |
|---|---|---|---|
| 24 | 44 | ਲੇਈਂਗ ਆਫ 8” ਸੀਵਰ ਲਾਈਨ ਆਪੋਜ਼ਿਟ ਕਾਲੀ ਸਬਜੀ ਵਾਲਾ ਰੋਡ ਮੁਹੱਲਾ | 1,50,335/- |
| 25 | ਜ਼ | ਕੰਸਟਰਕਸ਼ਨ ਆਫ ਰੂਮਜ਼ ਐਂਡ ਰਿਪੇਅਰ ਆਫ ਓਲਡ ਬਿਲਡਿੰਗ ਐਟ ਜ਼ੋਨ ਨੰ: 7 ਇੰਡਸਟਰੀਅਲ ਅਸਟੇਟ | 5,00,000/- |
| 26 | ਜ਼ | ਪ੍ਰੋਵਾਇਡਿੰਗ ਐਂਡ ਲੇਈਂਗ ਆਫ ਸਟਾਰਮ ਵਾਟਰ ਸੀਵਰ ਲਾਈਨ ਐਟ ਲੰਮਾ ਪਿੰਡ ਚੋਂਕ, ਹੁਸ਼ਿਆਰਪੁਰ ਰੋਡ, ਜ਼ੋਨ ਨੰ: 7 | 16,30,800/- |
| 27 | 28 | ਸੁਪਰ ਸਕਸ਼ਨ ਮਸ਼ੀਨ ਨਾਲ 24×36 ਸੀਵਰ ਦੀ ਸਫਾਈ ਕਰਨ ਸਬੰਧੀ । | 25,41,840/- |
| 28 | 24 | ਕੰਨਿਆਵਾਲੀ ਵਿਖੇ ਪਾਣੀ ਦੀ 2” ਪਾਈਪ ਪਾਉਣ ਸਬੰਧੀ । | 5,68,640/- |

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
24.12.2019

**ਮਤਾ ਨੰ:** 145

ਵਿਸ਼ਾ:- ਸਟਰੀਟ ਲਾਈਟ ਨਾਲ ਸਬੰਧਤ ਕੰਮਾਂ ਦੇ ਤਖਮੀਨਿਆਂ ਦੀ ਪ੍ਰਵਾਨਗੀ ਬਾਰੇ।

ਸ਼ਹਿਰ ਦੇ ਵੱਖ-ਵੱਖ ਵਾਰਡਾਂ/ਇਲਾਕਿਆਂ ਦੇ ਸਟਰੀਟ ਲਾਈਟ ਦੇ ਤਖਮੀਨੇ ਇਲਾਕਾ ਕੋਂਸਲਰ ਅਤੇ ਐਮ.ਐਲ.ਏ ਸਾਹਿਬਾਨ ਦੀ ਮੰਗ ਨੂੰ ਮੁੱਖ ਰਖਦੇ ਹੋਏ ਅਤੇ ਵਿਭਾਗੀ ਤੋਰ ਤੇ ਕਰਵਾਏ ਜਾਣ ਵਾਲੇ ਤਖਮੀਨੇ ਤਿਆਰ ਕੀਤੇ ਗਏ ਹਨ, ਇਹਨਾਂ ਵੱਖ-ਵੱਖ ਤਖਮੀਨਿਆਂ ਤੇ ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਅਤੇ ਮਾਨਯੋਗ ਕਮਿਸ਼ਨਰ ਜੀ ਨੇ ਵੀ ਹਾਊਸ ਵਿਚ ਵਿਚਾਰਨ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ, ਜਿਸ ਦੀ ਪ੍ਰਵਾਨਗੀ ਹਾਊਸ ਤੋਂ ਲੋੜੀਦੀ ਹੈ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਹੇਠ ਲਿਖੇ ਤਖਮੀਨੇ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹਨ:-

| ਲੜੀ ਨੰ: | ਵਾਰਡ ਨੰ: | ਕੰਮ ਦਾ ਨਾਂ | ਤਖਮੀਨਾਂ (ਲੱਖਾਂ ਵਿੱਚ) |
|---|---|---|---|
| 1 | 29 | Providing and Installation of New LED Street Lights of 30 watts in Red Rose Colony, Tower Town, Parkash Enclave, Bhai Bano Ji Nagar, Khurla adjoining Said Dass Mandir, Guru Nanak Nagar and Tower Enclave Phase-3 | 11,20,262/- |
| 2 | 32 | Providing and Installation of New LED High Mast in Guru Ravidass Park. | 5,50,394/- |
| 3 | 39 | Providing and Installation of New LED street lights of 30 watts in KP Nagar | 2,88,827/- |
| 4 | 51 | ਪ੍ਰੋਵਾਈਡਿੰਗ ਐਂਡ ਇਸੰਟਾਲੇਸ਼ਨ ਆਫ ਐਲ.ਈ.ਡੀ. ਫਲੱਡ ਲਾਈਟ 100 ਵਾਟ ਇਨ ਰੈਣਕ ਬਾਜਾਰ ਟਿੱਕੀਆਂ ਵਾਲਾ ਚੌਂਕ ਐਂਡ ਪੰਜਾਬ ਕੇਸਰੀ ਗਰਾਉਂਡ (ਹਿੰਦ ਸਮਾਚਾਰ ਗਰਾਉਂਡ) ਜ਼ੋਨ ਨੰ: 1 | 59,785/- |
| 5 | 12 | ਵੱਖ ਵੱਖ ਮੁੱਹਲਿਆਂ ਵਿੱਚ ਨਹੀਂਆਂ ਐਲ.ਈ.ਡੀ.ਲਾਈਟਾਂ ਲਗਾਉਣ ਬਾਰੇ । | 3,97,950/- |

ਫੈਸਲਾ:

ਵਿਚਾਰਣ ਉਪਰੰਤ ਲੜੀ ਨੰ: 5 ਦੇ ਤਖ਼ਮੀਨੇ ਨੂੰ ਪ੍ਰਵਾਨ ਕੀਤਾ ਜਾਂਦਾ ਹੈ ਅਤੇ ਬਾਕੀ ਦੇ ਤਖ਼ਮੀਨਿਆਂ ਨੂੰ ਹਾਲ ਦੀ ਘੜੀ ਲੰਬਿਤ ਰੱਖਿਆ ਜਾਂਦਾ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,

24.12.2019

**ਮਤਾ ਨੰ:** 146

ਵਿਸ਼ਾ:- ਵਾਟਰ ਸਪਲਾਈ, ਸੀਵਰੇਜ਼ ਸ਼ਾਖਾ ਦੇ ਵੱਖ-ਵੱਖ ਤਖਮੀਨੇ ਜਿਹਨਾਂ ਦੀ ਪ੍ਰਵਾਨਗੀ ਮਾਨਯੋਗ ਮੇਅਰ ਜੀ ਨੇ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਗਈ।

ਓ.ਐਂਡ.ਐਮ/ ਵਾਟਰ ਸਪਲਾਈ ਸ੍ਹਾਖਾ, ਨਗਰ ਨਿਗਮ ਜਲੰਧਰ ਵੱਲੋਂ ਸ੍ਹਹਿਰ ਦੇ ਵੱਖ-ਵੱਖ ਵਾਰਡਾਂ/ਇਲਾਕਿਆਂ ਨਾਲ ਸਬੰਧਤ ਟਿਊਬਵੈਲਾਂ, ਵਾਟਰ ਸਪਲਾਈ ਸੀਵਰੇਜ਼, ਅਤੇ ਬਰਸਾਤੀ ਸੀਵਰ ਆਦਿ ਦੇ ਕੰਮਾਂ ਦੇ ਤਖਮੀਨੇ ਇਲਾਕਾ ਕੋਂਸਲਰ ਅਤੇ ਐਮ.ਐਲ.ਏ ਸਾਹਿਬਾਨ ਦੀ ਮੰਗ ਅਤੇ ਵਿਭਾਗੀ ਮੰਗਾਂ ਨੂੰ ਮੁੱਖ ਰਖਦੇ ਹੋਏ ਵਿਭਾਗੀ ਤੋਰ ਤੇ ਕਰਵਾਏ ਜਾਣ ਵਾਲੇ ਅਤੇ ਰੱਖ ਰਖਾਵ ਵਾਲੇ ਕੰਮਾਂ ਦੇ ਲਈ ਤਖਮੀਨੇ ਤਿਆਰ ਕੀਤੇ ਗਏ ਹਨ, ਇਹਨਾਂ ਵੱਖ-ਵੱਖ ਤਖਮੀਨਿਆਂ ਤੇ ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਅਤੇ ਮਾਨਯੋਗ ਕਮਿਸ੍ਹਨਰ ਜੀ ਨੇ ਵੀ ਹਾਊਸ ਵਿਚ ਵਿਚਾਰਨ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ, ਜਿਸ ਦੀ ਪ੍ਰਵਾਨਗੀ ਮਾਨਯੋਗ ਮੇਅਰ ਜੀ ਨੇ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ, ਤਖਮੀਨੇ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ੍ਹ ਹਨ: -

| ਲੜੀ ਨੰ: | ਵਾਰਡ ਨੰ: | ਕੰਮ ਦਾ ਨਾਂ/ਜਗਾ ਦਾ ਸਪਸ਼ਟ ਵੇਰਵਾ | ਤਖਮੀਨਾ ਰੁਪਏ |
|---|---|---|---|
| 1 | 47 | ਕੰਸਟਰਕਸ੍ਹਨ ਆਫ ਮੇਨਹੋਲ ਐਟ ਮੇਨ ਰੋਡ ਜੇ.ਪੀ.ਨਗਰ ਆਪੋਜ਼ਿਟ ਗੁਰੂਦੁਆਰਾ ਸਾਹਿਬ, ਜ਼ੋਨ ਨੰ: 3 | 1,93,480/- |

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
24.12.2019

**ਮਤਾ ਨੰ:** 147

ਵਿਸ਼ਾ:- ਟਿਊਬਵੈਲ ਨਾਲ ਸਬੰਧਤ ਕੰਮਾਂ ਦੇ ਤਖਮੀਨਿਆਂ ਦੀ ਪ੍ਰਵਾਨਗੀ ਬਾਰੇ।

ਓ.ਐਂਡ.ਐਮ/ ਵਾਟਰ ਸਪਲਾਈ ਸ਼ਾਖਾ, ਨਗਰ ਨਿਗਮ ਜਲੰਧਰ ਵੱਲੋਂ ਸ਼ਹਿਰ ਦੇ ਵੱਖ-ਵੱਖ ਵਾਰਡਾਂ/ਇਲਾਕਿਆਂ ਨਾਲ ਸਬੰਧਤ ਟਿਊਬਵੈਲਾਂ ਦੇ ਤਖਮੀਨੇ ਇਲਾਕਾ ਕੌਂਸਲਰ ਅਤੇ ਐਮ.ਐਲ.ਏ ਸਾਹਿਬਾਨ ਦੀ ਮੰਗ ਨੂੰ ਮੁੱਖ ਰਖਦੇ ਹੋਏ ਅਤੇ ਵਿਭਾਗੀ ਤੌਰ ਤੇ ਕਰਵਾਏ ਜਾਣ ਵਾਲੇ ਤਖਮੀਨੇ ਤਿਆਰ ਕੀਤੇ ਗਏ ਹਨ, ਇਹਨਾਂ ਵੱਖ-ਵੱਖ ਤਖਮੀਨਿਆਂ ਤੇ ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਅਤੇ ਮਾਨਯੋਗ ਕਮਿਸ਼ਨਰ ਜੀ ਨੇ ਵੀ ਹਾਊਸ ਵਿਚ ਵਿਚਾਰਨ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ, ਜਿਸ ਦੀ ਪ੍ਰਵਾਨਗੀ ਹਾਊਸ ਤੋਂ ਲੋੜੀਦੀ ਹੈ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਹੇਠ ਲਿਖੇ ਤਖਮੀਨੇ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹਨ:-

| ਲੜੀ ਨੰ: | ਵਾਰਡ ਨੰ: | ਕੰਮ ਦਾ ਨਾਂ | ਤਖਮੀਨਾਂ (ਲੱਖਾਂ ਵਿੱਚ) |
|---|---|---|---|
| 1 | 39 | Providing and Installation 300x300mm deep bore with reverse rotary rig bore at Shamshan Ghat, Jallowal Abadi, Model House (Replacement) | 19,01,462/- |
| 2 | 9 | ਪ੍ਰੋਵਾਈਡਿੰਗ ਐਂਡ ਇੰਸਟਾਲੇਸ਼ਨ ਆਫ 8" ਡਾਇਆ ਸਟਰੇਟ ਹੈਂਡ ਬੋਰ ਟਿਊਬਵੈਲ ਐਟ ਨਿਊ ਦਸਮੇਸ਼ ਨਗਰ, ਜ਼ੋਨ ਨੰ: 5-ਏ (ਰਿਪਲੇਸਮੈਂਟ) | 14,51,599/- |
| 3 | 9 | ਪ੍ਰੋਵਾਈਡਿੰਗ ਐਂਡ ਇੰਸਟਾਲੇਸ਼ਨ ਆਫ ਡੀਪ ਬੋਰ ਟਿਊਬਵੈਲ ਵਿਦ ਰੀਵਰਸ ਰੋਟਰੀ ਰਿਗ ਬੋਰ ਐਟ ਜ਼ੋਗਿੰਦਰ ਨਗਰ, ਲੱਧੇਵਾਲੀ ਸ਼ਮਸ਼ਾਨਘਾਟ, ਜ਼ੋਨ ਨੰ: 5 ਏ | 18,51,462/- |
| 4 | 76 | ਪ੍ਰੋਵਾਈਡਿੰਗ ਐਂਡ ਇੰਸਟਾਲੇਸ਼ਨ ਆਫ 8" ਡਾਇਆ ਸਟਰੇਟ ਹੈਂਡ ਬੋਰ ਟਿਊਬਵੈਲ ਇੰਨ ਕਬੀਰ ਵਿਹਾਰ। ਜ਼ੋਨ ਨੰ: 3 | 13,81,600/- |
| 5 | 70 | ਫਰੈਂਡ ਕਲੋਨੀ (ਵਾਰਡ ਨੰ:70) ਵਿਚ ਪੁਰਾਣੇ ਟਿਊਬਵੈਲ ਦੀ ਜਗ੍ਹਾਂ ਨਵਾਂ ਟਿਊਬਵੈਲ ਲਗਾਉਣ ਬਾਰੇ । | 17,51,462/- |
| 6 | 78 | ਪ੍ਰੋਵਾਈਡਿੰਗ ਐਂਡ ਇੰਸਟਾਲੇਸ਼ਨ ਆਫ 8" ਡਾਇਆ ਸਟਰੇਟ ਹੈਂਡ ਬੋਰ ਟਿਊਬਵੈਲ ਐਟ ਸ਼ਿਵ ਨਗਰ, ਨੀਅਰ ਰੇਲਵੇ ਕਰਾਸਿੰਗ। | 12,71,600/- |
| 7 | 10 | ਪ੍ਰੋਵਾਇਡਿੰਗ ਐਂਡ ਇੰਸਟਾਲੇਸ਼ਨ ਆਫ 300×200 ਐਮ.ਐਮ. ਡੀਪ ਬੋਰ ਟਿਊਬਵੈਲ ਐਟ ਸਨੀ ਪ੍ਰਾਈਮ ਵਾਰਡ ਨੰ: 10 ਜ਼ੋਨ ਨੰ: 5-ਏ | 19,51,462/- |
| 8 | 44 | ਪ੍ਰੋਵਾਈਡਿੰਗ ਐਂਡ ਇੰਸਟਾਲੇਸ਼ਨ ਆਫ 8" ਡਾਇਆ ਸਟਰੇਟ ਹੈਂਡ ਬੋਰ ਟਿਊਬਵੈਲ ਇੰਨ ਵਾਰਡ ਨੰ: 44 ਬਸਤੀ ਸ਼ੇਖ | 12,03,099/- |

ਫੈਸਲਾ:

ਪ੍ਰਵਾਨ ਹੈ। ਇਹ ਵੀ ਫੈਸਲਾ ਹੋਇਆ ਕਿ ਜਿੱਥੇ ਜ਼ਿਆਦਾ ਲੋੜ੍ਹ ਹੋਵੇ ਉਥੇ ਹੀ ਟਿਊਬਵੈਲ ਲਗਾਇਆ ਜਾਵੇ ।

ਕਮਿਸ਼ਨਰ ਜੀ ਦੀ ਟਿੱਪਣੀ : ਮਤਾ ਨੰ: 142 ਅਨੁਸਾਰ

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,

24.12.2019

**ਮਤਾ ਨੰ:** 148

ਵਿਸ਼ਾ:- ਵਰਕਸ਼ਾਪ ਸ਼ਾਖਾ ਦੇ ਵੱਖ-ਵੱਖ ਤਖਮੀਨੇ ਜਿਹਨਾਂ ਦੀ ਪ੍ਰਵਾਨਗੀ ਮਾਨਯੋਗ ਮੇਅਰ ਜੀ ਨੇ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਗਈ।

ਵਰਕਸ਼ਾਪ ਸ਼ਾਖਾ, ਨਗਰ ਨਿਗਮ ਜਲੰਧਰ ਵੱਲੋਂ ਸ਼ਹਿਰ ਦੇ ਵੱਖ-ਵੱਖ ਵਾਰਡਾਂ/ਇਲਾਕਿਆਂ ਨਾਲ ਸਬੰਧਤ ਹੈਲਥ ਸ਼ਾਖਾ ਲਈ ਮਸ਼ੀਨਰੀ ਆਦਿ ਦੇ ਕੰਮਾਂ ਦੇ ਤਖਮੀਨੇ ਵਿਭਾਗੀ ਮੰਗਾਂ ਨੂੰ ਮੁੱਖ ਰਖਦੇ ਹੋਏ ਵਿਭਾਗੀ ਤੋਰ ਤੇ ਕਰਵਾਏ ਜਾਣ ਵਾਲੇ ਅਤੇ ਰੱਖ ਰਖਾਵ ਵਾਲੇ ਕੰਮਾਂ ਦੇ ਲਈ ਤਖਮੀਨੇ ਤਿਆਰ ਕੀਤੇ ਗਏ ਹਨ, ਇਹਨਾਂ ਵੱਖ-ਵੱਖ ਤਖਮੀਨਿਆਂ ਤੇ ਨਿਗਰਾਨ ਇੰਜੀਨਿਅਰ (ਵਰਕਸ਼ਾਪ) ਅਤੇ ਮਾਨਯੋਗ ਕਮਿਸ਼ਨਰ ਜੀ ਨੇ ਵੀ ਹਾਊਸ ਵਿਚ ਵਿਚਾਰਨ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ ਅਤੇ ਮੇਅਰ ਜੀ ਨੇ ਇਹਨਾਂ ਤਖ਼ਮੀਨਿਆਂ ਦੀ ਮੰਜੁ)ਰੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਹੈ । ਤਖਮੀਨੇ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹਨ:-

| ਲੜੀ ਨੰ: | ਕੰਮ ਦਾ ਨਾਂ | ਵਾਰਡ ਨੰ: | ਤਖਮੀਨਾ ਰੁਪਏ |
|---|---|---|---|
| 1 | ਸ਼ਹਿਰ ਦੇ ਵੱਖ ਵੱਖ ਵਾਰਡਾਂ ਵਿੱਚ ਕੂੜਾ ਚੁਕਣ ਲਈ 21 ਟਰੈਕਟਰ ਟਰਾਲੀ ਸਮੇਤ ਡਰਾਇਵਰ ਅਤੇ ਲੇਬਰ 5 ਮਹੀਨੇ ਵਾਸਤੇ ਕਿਰਾਏ ਤੇ ਲੈਣ ਸਬੰਧੀ। | ਜ | 95,98,050/- |
| 2 | ਸ਼ਹਿਰ ਦੇ **ਸੈਂਟਰਲ ਜ਼ੋਨ** ਦੇ ਵੱਖ-ਵੱਖ ਵਾਰਡਾਂ ਵਿਚ ਕੂੜਾ ਚੁੱਕਣ ਲਈ 7 ਟਰੈਕਟਰ ਟਰਾਲੀਆਂ ਸਮੇਤ ਡੀਜਲ, ਡਰਾਈਵਰ ਅਤੇ 2 ਲੇਬਰ ਇਕ ਸਾਲ ਵਾਸਤੇ ਕਿਰਾਏ ਤੇ ਲੈਣ ਸਬੰਧੀ । | ਜ਼ | 67,35,456/- |
| 3 | ਸ਼ਹਿਰ ਦੇ **ਵੈਸਟ ਜ਼ੋਨ** ਦੇ ਵੱਖ-ਵੱਖ ਵਾਰਡਾਂ ਵਿਚ ਕੂੜਾ ਚੁੱਕਣ ਲਈ 6 ਟਰੈਕਟਰ ਟਰਾਲੀਆਂ ਸਮੇਤ ਡੀਜਲ, ਡਰਾਈਵਰ ਅਤੇ 2 ਲੇਬਰ ਇਕ ਸਾਲ ਵਾਸਤੇ ਕਿਰਾਏ ਤੇ ਲੈਣ ਸਬੰਧੀ । | ਜ਼ | 57,73,248/- |
| 4 | ਸ਼ਹਿਰ ਦੇ **ਨੋਰਥ ਜ਼ੋਨ** ਦੇ ਵੱਖ-ਵੱਖ ਵਾਰਡਾਂ ਵਿਚ ਕੂੜਾ ਚੁੱਕਣ ਲਈ 6 ਟਰੈਕਟਰ ਟਰਾਲੀਆਂ ਸਮੇਤ ਡੀਜਲ, ਡਰਾਈਵਰ ਅਤੇ 2 ਲੇਬਰ ਇਕਸਾਲ ਵਾਸਤੇ ਕਿਰਾਏ ਤੇ ਲੈਣ ਸਬੰਧੀ । | ਜ | 57,73,248/- |
| 5 | ਸ਼ਹਿਰ ਦੇ **ਕੈਂਟ ਜ਼ੋਨ** ਦੇ ਵੱਖ-ਵੱਖ ਵਾਰਡਾਂ ਵਿਚ ਕੂੜਾ ਚੁੱਕਣ ਲਈ 5 ਟਰੈਕਟਰ ਟਰਾਲੀਆਂ ਸਮੇਤ ਡੀਜਲ, ਡਰਾਈਵਰ ਅਤੇ 2 ਲੇਬਰ ਇਕ ਸਾਲ ਵਾਸਤੇ ਕਿਰਾਏ ਤੇ ਲੈਣ ਸਬੰਧੀ । | ਜ | 48,11,040/- |
| 6 | ਐਮ.ਐਸ.ਡਬਲਯੂ ਰੂਲਜ਼, 2016 ਤਹਿਤ ਡੀਸੈਂਟਰਲਾਈਡ ਮਾਡਲ ਲਾਗੂ ਕਰਨ ਲਈ 21 ਬੇਲਰ (Baler) ਮਸ਼ੀਨਾਂ ਖ਼ਰੀਦਣ ਸਬੰਧੀ । | ਜ਼ | 1,15,22,280/- |
| 7 | ਵੇਸਟ ਟੂ ਕੰਪੋਸਟ ਪਿਟ ਕੰਪੋਸਟਿੰਗ ਵਾਸਤੇ Biowizard Powder ਖਰੀਦਣ ਸਬੰਧੀ । | ਜ਼ | 11,88,000/- |
| 8 | ਨਗਰ ਨਿਗਮ ਜਲੰਧਰ ਦੀਆਂ ਵੱਖ ਵੱਖ ਮਸ਼ੀਨਾਂ ਨੂੰ ਚਲਾਉਣ ਲਈ ਉਪਰੇਸ਼ਨ ਕੰਟਰੈਕਟਰ ਦਾ ਟੈਂਡਰ ਲਗਾਉਣ ਬਾਰੇ | ਜ਼ | 58,53,208/- |

ਫੈਸਲਾ:

ਪ੍ਰਵਾਨ ਹੈ ।ਇਹ ਵੀ ਫੈਸਲਾ ਹੋਇਆ ਕਿ ਲੜੀ ਨੰ: 2 ਤੋਂ 5 ਤੱਕ ਦੀਆਂ ਟਰਾਲੀਆਂ ਡਬਲ ਕੀਤੀਆਂ ਜਾਣ ਅਤੇ ਇਸ ਤੇ ਆਉਣ ਵਾਲੇ ਖ਼ਰਚੇ ਦੀ ਮੰਜ਼ੂਰੀ ਦਿੱਤੀ ਜਾਂਦੀ ਹੈ। ਕਿਰਾਏ ਤੇ ਲਈਆਂ ਜਾਣ ਵਾਲੀਆਂ ਟਰਾਲੀਆਂ ਦੀ ਡਾਇਮੈਨਸ਼ਨ ਸਬੰਧੀ ਸਾਰੇ ਕੋਂਸਲਰਾਂ ਨੂੰ ਉਸਦੀ ਕਾਪੀ ਅਤੇ ਟਰਾਲੀ ਨੰਬਰ ਭੇਜੇ ਜਾਣ ਅਤੇ ਇਹਨਾਂ ਦੇ ਬਿਲ ਬਨਾਉਣ ਵੇਲੇ ਵੀ ਉਸ ਵਿੱਚ ਟਰਾਲੀ ਨੰਬਰ ਅਤੇ ਡਾਇਮੈਨਸ਼ਨ ਦਰਜ ਕੀਤੇ ਬਿਨਾ ਬਿਲ ਪਾਸ ਨਾ ਕੀਤੇ ਜਾਣ ।ਕੋਂਸਲਰਾਂ ਦੇ ਸਰਟੀਫਿਕੇਟ ਤੋਂ ਬਿਨਾਂ ਇਹਨਾਂ ਟਰਾਲੀਆਂ ਦੇ ਬਿਲ ਪਾਸ ਨਹੀਂ ਕੀਤੇ ਜਾਣਗੇ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,

24.12.2019

ਮਤਾ ਨੰ: 149

ਵਿਸ਼ਾ:- ਓ.ਐਂਡ.ਐਮ ਸੈਲ ਦੇ ਕਾਰਜਕਾਰੀ ਇੰਜੀਨੀਅਰਾਂ ਲਈ ਡਵੀਜਨ ਵਾਇਜ ਸ਼ਿਕਾਇਤਾ ਵਾਸਤੇ ਅਤੇ ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਅਤੇ ਈ-ਟੈਂਡਰਿੰਗ ਵਾਸਤੇ ਪੰਜ ਦਰਜਾ-3 ਕਰਮਚਾਰੀ (ਚਾਰ ਕੰਪਿਊਟਰ ਉਪਰੇਟਰ ਅਤੇ ਇਕ ਕਰਮਚਾਰੀ ਸਟਾਫ ਕੈਟਾਗਰੀ-ਬੀ) **ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਪੱਤਰ ਨੰ: ATBP/73/DWSS dt 09.09.14 ਰਾਹੀਂ ਜਾਰੀ ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਜਾਰੀ ਨਾਰਮਜ ਅਨੁਸਾਰ** ਆਉਟ ਸੋਰਸ ਰਾਹੀਂ ਇਕ ਸਾਲ ਲਈ ਠੇਕੇ ਤੇ ਰੱਖਣ ਬਾਰੇ।

ਤਖਮੀਨਾ ਰੁਪਏ 8,55,540/- (ਜੇਕਰ ਸਰਕਾਰ ਵੱਲੋਂ ਕੋਈ ਜੀ.ਐਸ.ਟੀ ਲਗਾਇਆ ਜਾਂਦਾ ਉਹ ਵੱਖਰਾ ਹੋਵੇਗਾ)

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਮਿਤੀ 20.11.2018 ਕਿ ਨਗਰ ਨਿਗਮ ਜਲੰਧਰ ਦੀ ਵਾਟਰ ਸਪਲਾਈ ਅਤੇ ਸੀਵਰੇਜ਼ ਅਤੇ ਸਟਰੀਟ ਲਾਇਟ ਦੇ ਰੱਖ ਰੱਖਾਵ ਵਾਸਤੇ 7 ਸਬ-ਡਵੀਜਨਾ ਬਣੀਆ ਹੋਇਆ ਹਨ ਅਤੇ 4 ਕਾਰਜਕਾਰੀ ਇੰਜੀਨੀਅਰ ਅਤੇ 1 ਨਿਗਰਾਨ ਇੰਜੀਨੀਅਰ ਕੰਮ ਕਰ ਰਹੇ ਹਨ ਅਤੇ ਓ.ਐਂਡ.ਐਮ ਸੈਲ ਦਾ ਈ-ਟੈਂਡਰ ਵਿਭਾਗ ਵੀ ਵੱਖਰੇ ਤੋਰ ਦੇ ਕੰਮ ਕਰ ਰਿਹਾ ਹੈ। ਇਹਨਾਂ ਸਾਰੀਆਂ ਕੰਮਾਂ ਵਾਸਤੇ ਕੋਈ ਰੈਗੁਲਰ ਕੰਪਿਊਟਰ ਓਪਰੇਟਰ ਉਪਲਬੱਧ ਨਹੀ ਹੈ, ਪਰੰਤੂ ਇਹਨਾਂ ਕੰਮਾਂ ਲਈ ਇਹ ਕਰਮਚਾਰੀ ਹੇਠ ਲਿਖੇ ਨਾਰਮਜ਼ ਦੇ ਹਿਸਾਬ ਨਾਲ ਹੋਣੇ ਜਰੂਰੀ ਹਨ।

**ਅਡਵਾਈਜ਼ਰ (ਟੈਕਨੀਕਲ) ਟੂ ਮਾਨਯੋਗ ਮੁੱਖ ਮੰਤਰੀ ਪੰਜਾਬ ਵੱਲੋਂ ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਪੱਤਰ ਨੰ: ATBP/73/DWSS dt 09.09.14 ਰਾਹੀਂ ਜਾਰੀ ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਨਾਰਮਜ ਜਾਰੀ ਕੀਤੇ ਗਏ ਹਨ।**

**Recommendations of Committee constituted to review the Norms of operation and maintenance for Water Supply Schemes (Staffing Pattern)**

1.6 Computer Operators for Complaints:-

- 1 No. Computer Operator for one shift in each sub Division

ਉਪਰੋਕਤ ਨਾਰਮਜ਼ ਨੂੰ ਮੁੱਖ ਰੱਖਦੇ ਹੋਏ ਪੰਜ ਦਰਜਾ-3 ਕਰਮਚਾਰੀ (ਚਾਰ ਕੰਪਿਊਟਰ ਉਪਰੇਟਰ ਅਤੇ ਇਕ ਕਰਮਚਾਰੀ ਸਟਾਫ ਕੈਟਾਗਰੀ-ਬੀ) 4 ਕਾਰਜਕਾਰੀ ਇੰਜੀਨੀਅਰਜ਼ ਅਤੇ 1 ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਅਤੇ ਈ-ਟੈਂਡਰਿੰਗ ਵਾਸਤੇ ਪੰਜਾਬ ਸਰਕਾਰ ਦੇ ਲੇਬਰ ਵਿਭਾਗ ਵੱਲੋਂ ਪੱਤਰ ਨੰ: ਐਸ.ਟੀ/28009 ਮਿਤੀ 23.10.18 ਰਾਹੀਂ ਮਿਤੀ 01.09.18 ਤੋ ਜਾਰੀ ਮਿਨੀਮਮ ਵੇਜਿਜ਼ ਅਨੁਸਾਰ ਰੁਪਏ 8,55,540/- ਦਾ ਤਖਮੀਨਾ ਤਿਆਰ ਕੀਤਾ ਗਿਆ ਹੈ। ਇਸ ਤਖਮੀਨੇ ਵਿੱਚ ਮਿਨੀਮਮ ਵੇਜਿਜ਼ ਤੋ ਇਲਾਵਾ 13.36% ਈ.ਪੀ.ਐਫ, 4.75% ਈ.ਐਸ.ਆਈ ਅਤੇ ਰੂਲਾਂ ਅਨੁਸਾਰ 10% ਕੰਟਰੈਕਟਰ ਪ੍ਰੋਫਿਟ ਦਾ ਉਪਬੰਧ ਕੀਤਾ ਗਿਆ ਹੈ। ਉਪਰੋਕਤ ਅਨੁਸਾਰ ਕਰਮਚਾਰੀ ਪਿਛਲੇ 4-5 ਸਾਲ ਤੋ ਠੇਕੇ ਤੇ ਰੱਖੇ ਜਾਂਦੇ ਰਹੇ ਹਨ। ਇਹਨਾਂ ਆਉਟ ਸੋਰਸ ਤੇ ਰੱਖੇ ਕਰਮਚਾਰੀਆਂ ਦੀ ਉਦੋ ਤੱਕ ਲੋੜ ਹੈ, ਜਦੋ ਤੱਕ ਨਗਰ ਨਿਗਮ ਵਿੱਚ ਨਵੀਂ ਭਰਤੀ ਨਹੀ ਹੋ ਜਾਂਦੀ।

ਇਸ ਤਖਮੀਨੇ ਵਿੱਚ ਪੰਜਾਬ ਸਰਕਾਰ ਦੇ ਲੇਬਰ ਵਿਭਾਗ ਵੱਲੋਂ ਮਿਤੀ 01.09.18 ਤੋ ਨਿਰਧਾਰਿਤ ਕੰਪਿਊਟਰ ਓਪਰੇਟਰ ਦੀ ਮਿਨੀਮਮ ਵੇਜਿਜ਼ ਰੁਪਏ 9754/- ਪ੍ਰਤੀ ਮਹੀਨਾ ਅਤੇ ਸਟਾਫ ਕੈਟਾਗਰੀ-ਬੀ ਕਰਮਚਾਰੀ ਮਿਨੀਮਮ ਵੇਜਿਜ਼ ਰੁਪਏ 11,577/- ਪ੍ਰਤੀ ਮਹੀਨਾ ਲਏ ਗਏ ਹਨ ਅਤੇ ਇਸ ਤੋ ਇਲਾਵਾ ਈ.ਪੀ.ਐਫ, ਈ.ਐਸ.ਆਈ, ਕੰਟਰੈਕਟਰ ਪ੍ਰੋਫਿਟ, ਇਨਕਮ ਟੈਕਸ ਅਤੇ ਲੇਬਰ ਸੈਸ ਦਾ ਰੂਲਾਂ ਅਨੁਸਾਰ ਉਪਬੰਧ ਹੈ। ਅਗਰ ਇਹਨਾ ਵਿਭਾਗਾ ਵੱਲੋਂ ਇਹਨਾ ਦਰਾ ਵਿੱਚ ਵਾਧਾ ਜਾਂ ਘਾਟਾ ਕੀਤਾ ਜਾਂਦਾ ਹੈ ਤਾਂ ਉਸ ਅਨੁਸਾਰ ਅਦਾਇਗੀ ਦੇਣਯੋਗ ਹੋਵੇਗੀ। ਇਸ ਤੋ ਇਲਾਵਾ ਅਗਰ ਸਰਕਾਰ ਵੱਲੋਂ ਜੀ.ਐਸ.ਟੀ ਲਗਾਇਆ ਜਾਂਦਾ ਹੈ ਤਾਂ ਉਸ ਅਦਾਇਗੀ ਕਰਨ ਦੀ ਪ੍ਰਵਾਨਗੀ ਲੋੜੀਂਦੀ ਹੈ ਜੀ।ਉਪਰੋਕਤ ਅਨੁਸਾਰ ਤਖਮੀਨੇ ਦੀ ਨਗਰ ਨਿਗਮ ਹਾਊਸ ਤੋ ਪ੍ਰਵਾਨਗੀ ਲੋੜੀਂਦੀ ਹੈ ਜੀ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਲਿਖਿਆ ਹੈ ਕਿ ਇਹਨਾਂ ਕਰਮਚਾਰੀਆਂ ਦਾ ਸਮਾਂ 31.3.19 ਨੂੰ ਖ਼ਤਮ ਹੋ ਰਿਹਾ, ਸੋ ਤਖ਼ਮੀਨੇ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਜਾਵੇ ਜੀ ।ਮਾਨਯੋਗ ਮੇਅਰ ਜੀ ਨੇ ਉਕਤ ਤਖ਼ਮੀਨੇ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ ।

ਤਖ਼ਮੀਨਾ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,

24.12.2019

**ਮਤਾ ਨੰ: 150**

ਵਿਸ਼ਾ: ਨਗਰ ਨਿਗਮ ਜਲੰਧਰ ਦੇ ਮਤਾ ਨੰ: 87 ਮਿਤੀ 25.6.2018 ਜਿਸ ਨੂੰ ਸਰਕਾਰ ਵਲੋਂ ਆਪਣੇ ਪੱਤਰ ਨੰ: ਸ5-ਡਸਸ-ਮਸਸ-2018/05 ਮਿਤੀ 09.01.2019 ਰਾਹੀਂ ਰੱਦ ਕੀਤਾ ਗਿਆ ਹੈ, ਸਬੰਧੀ ਬੇਨਤੀ।

ਤਜ਼ਵੀਜ਼ ਵਲੋਂ ਸ੍ਰੀਮਤੀ ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ ਜਿਸ ਦੀ ਪੁਸ਼ਟੀ ਸ੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ, ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ਨੇ ਕੀਤੀ ਹੈ ਕਿ ਨਿਮਰਤਾ ਸਹਿਤ ਬੇਨਤੀ ਹੈ ਕਿ ਉਕਤ ਮਤੇ ਰਾਹੀਂ ਤਜਵੀਜ ਕੀਤੀ ਗਈ ਸੀ ਕਿ ਨਗਰ ਨਿਗਮ ਜਲੰਧਰ ਵਲੋਂ ਆਪਣੇ ਮਤਾ ਨੰ: 72 ਮਿਤੀ 6.9.2017 ਰਾਹੀਂ ਫੈਸਲਾ ਕੀਤਾ ਗਿਆ ਸੀ ਕਿ ਮੇਅਰ ਨਗਰ ਨਿਗਮ ਜਲੰਧਰ ਦਾ ਰੁਤਬਾ ਪੰਜਾਬ ਸਰਕਾਰ ਦੇ ਡਿਪਟੀ ਰਾਜ ਮੰਤਰੀ ਦੇ ਬਰਾਬਰ ਦਾ ਹੁੰਦਾ ਹੈ । ਨਗਰ ਨਿਗਮ ਜਲੰਧਰ ਵਿੱਚ ਮੇਅਰ ਦਫਤਰ ਲਈ ਕੋਈ ਐਡਮਿਨਿਸਟ੍ਰੇਟਿਵ ਅਫ਼ਸਰ ਨਹੀਂ ਹੈ ਜਿਸ ਕਰਕੇ ਮੇਅਰ ਦਫ਼ਤਰ ਵਲੋਂ ਦੂਜੇ ਮਹਿਕਮਿਆਂ ਪਾਸੋਂ ਕੰਮ ਲੈਣ ਅਤੇ ਰਾਬਤਾ ਕਾਇਮ ਕਰਨ ਵਿੱਚ ਔਕੜ ਆਉਂਦੀ ਹੈ । ਐਡਮਿਨਿਸਟ੍ਰੇਟਿਵ ਅਫ਼ਸਰ ਦੀ ਆਸਾਮੀ ਮੇਅਰ ਦਫ਼ਤਰ ਲਈ ਰਚਨਾ ਕਰਨ ਦੀ ਲੋੜ ਹੈ। ਇਹ ਆਸਾਮੀ ਨਿੱਜੀ ਸਹਾਇਕ ਜਿਹੜਾ ਕਿ ਦਫ਼ਤਰੀ ਪ੍ਰਸ਼ਾਸਨ ਦਾ ਪੂਰਾ ਤਜ਼ਰਬਾ ਰਖਦਾ ਹੈ ਨੂੰ ਪਦਉਨਤ ਕਰਕੇ ਭਰੀ ਜਾਣੀ ਚਾਹੀਦੀ ਹੈ।

ਪਰ ਸਰਕਾਰ ਵਲੋਂ ਆਪਣੇ ਪੱਤਰ ਨੰ:ਸ5-ਡਸਸ-ਮਸਸ-2018/267 ਮਿਤੀ 15.5.2018 ਰਾਹੀਂ ਇਸ ਮਤੇ ਨੂੰ ਇਸ ਆਧਾਰ ਤੇ ਰੱਦ ਕਰ ਦਿੱਤਾ ਗਿਆ ਸੀ ਕਿ ਨਿੱਜੀ ਸਹਾਇਕ ਦੀ ਆਸਾਮੀ ਪ੍ਰਾਂਤੀਕਰਨ ਕਾਡਰ ਦੀ ਹੋਣ ਕਾਰਣ ਇਸ ਦੇ ਸੇਵਾ ਮਾਮਲਿਆਂ ਨੂੰ ਨਜਿਠਣ ਲਈ ਡਾਇਰੈਕਟਰ, ਸਥਾਨਕ ਸਰਕਾਰ ਸਮਰੱਥ ਅਥਾਰਟੀ ਹੈ । ਇਸ ਆਸਾਮੀ ਤੇ ਨਗਰ ਨਿਗਮ ਵਲੋਂ ਆਪਣੇ ਪੱਧਰ ਤੇ ਐਡਮਿਨਿਸਟਰੇਟਿਵ ਅਫਸਰ ਵੀ ਆਸਾਮੀ ਤੇ ਤਰੱਕੀ ਦੇਣ ਦਾ ਰੂਲਾਂ ਵਿੱਚ ਉਪਬੰਧ ਨਹੀਂ ਹੈ ।

ਨਗਰ ਨਿਗਮ ਵਲੋਂ ਉਕਤ ਟਿੱਪਣੀ ਤੇ ਮੁੜ੍ਹ ਵਿਚਾਰ ਕਰਨ ਉਪਰੰਤ ਮਤਾ ਨੰ: 87 ਮਿਤੀ 25.6.2018 ਰਾਹੀਂ ਵਿਚਾਰਿਆ ਗਿਆ ਸੀ ਕਿ ਕਿਉਂਕਿ ਐਡਮਿਨਿਸਟਰੇਟਿਵ ਅਫ਼ਸਰ ਦੀ ਤਜ਼ਵੀਜ਼ਤ ਆਸਾਮੀ ਪ੍ਰਾਂਤੀਕਰਨ ਕਾਡਰ ਦੀ ਆਸਾਮੀ ਨਹੀਂ ਹੈ ਅਤੇ ਇਸ ਆਸਾਮੀ ਦੀ ਗੈਰ-ਪ੍ਰਾਂਤੀਕਰਨ ਕਾਡਰ ਵਿੱਚ ਰਚਨਾ ਰਾਹੀਂ ਨਗਰ ਨਿਗਮ ਵਲੋਂ ਸਰਕਾਰ ਦੀ ਪ੍ਰਵਾਨਗੀ ਲੈਂਦੇ ਹੋਏ ਤਜ਼ਵੀਜ਼ ਕੀਤਾ ਗਿਆ ਸੀ ਕਿ ਸ੍ਰੀ ਸੁਨੀਲ ਖੁੱਲਰ, ਨਿੱਜੀ ਸਹਾਇਕ ਜ਼ੋ ਕਿ ਨਗਰ ਨਿਗਮ ਜਲੰਧਰ ਵਿੱਚ ਇੱਕੋ-ਇੱਕ ਨਿੱਜੀ ਸਹਾਇਕ ਹੈ ਅਤੇ ਸਾਰੇ ਰਾਜ ਵਿੱਚ 13 ਸਾਲਾਂ ਦੇ ਤਜ਼ਰਬੇ ਅਨੁਸਾਰ ਸੀਨਿਅਰ ਮੋਸਟ ਹੈ, ਨੂੰ ਇਸ ਆਸਾਮੀ ਤੇ ਲਗਾਉਣ ਦਾ ਫੈਸਲਾ ਕੀਤਾ ਗਿਆ ਸੀ। ਕਿਉਂ ਜ਼ੋ ਐਡਮਿਨਿਸਟਰੇਟਿਵ ਅਫ਼ਸਰ ਦੀ ਆਸਾਮੀ ਗੈਰ-ਪ੍ਰਾਂਤੀਕਰਨ ਸ੍ਰੇਣੀ ਦੀ ਹੈ, ਇਸ ਲਈ ਨਗਰ ਨਿਗਮ ਵਲੋਂ ਇਸ ਦੀ ਰਚਨਾ ਕਾਨੂੰਨ ਅਨੁਸਾਰ ਭਾਵ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 71(7) ਮੁਤਾਬਕ ਹੈ ਅਤੇ ਇਸ ਆਸਾਮੀ ਤੇ ਸ੍ਰੀ ਸੁਨੀਲ ਖੁੱਲਰ, ਨਿੱਜੀ ਸਹਾਇਕ ਦੀ ਨਿਯੁੱਕਤੀ ਦੀ ਤਜ਼ਵੀਜ਼ ਜਾਇਜ਼ ਹੈ ਕਿਉਂਕਿ ਨਿੱਜੀ ਸਹਾਇਕ ਨੂੰ ਸੇਵਾ ਵਿੱਚ ਅਗੇ ਕੋਈ ਤਰੱਕੀ ਦਾ ਲਾਭ ਉਪਲਬੱਧ ਨਹੀਂ ਹੈ ।

ਇਸ ਤੋਂ ਇਲਾਵਾ ਇਹ ਵਰਨਣਯੋਗ ਹੈ ਕਿ ਨਿੱਜੀ ਸਹਾਇਕ ਦੀ ਆਸਾਮੀ ਦਾ ਪੇ-ਸਕੇਲ ਸੁਪਰਡੰਟ ਦੀ ਆਸਾਮੀ ਦੇ ਬਰਾਬਰ ਹੈ, ਜਿਨ੍ਹਾਂ ਨੂੰ ਸਕੱਤਰ ਦੀ ਆਸਾਮੀ ਤੇ ਤਰੱਕੀ ਉਪਲਬੱਧ ਹੈ ਪਰ ਨਿੱਜੀ ਸਹਾਇਕ ਨੂੰ ਇਹ ਤਰੱਕੀ ਸੇਵਾ ਨਿਯਮਾਂ ਅਨੁਸਾਰ ਹਾਲੇ ਤੱਕ ਉਪਲਬੱਧ ਨਹੀਂ ਹੈ । ਇਸ ਲਈ ਇਸ ਆਸਾਮੀ ਤੇ ਉਸ ਦੀ ਨਿਯੁੱਕਤੀ ਜਾਇਜ਼ ਹੈ ।

ਵਰਨਣਯੋਗ ਹੈ ਕਿ ਸਕੱਤਰ ਦੀ ਜਿੰਮੇਵਾਰੀ ਨਗਰ ਨਿਗਮ ਹਾਊਸ ਦੀ ਅਜੰਡਾ ਸ਼ਾਖਾ ਨਾਲ ਸਬੰਧਤ ਹੁੰਦੀ ਹੈ ਭਾਵ ਨਗਰ ਨਿਗਮ ਹਾਊਸ ਦੀਆਂ ਮੀਟਿੰਗਾਂ ਅਤੇ ਵਿੱਤ ਅਤੇ ਠੇਕਾ ਕਮੇਟੀ ਦੀਆਂ ਮੀਟਿੰਗਾਂ ਦਾ ਅਜੰਡਾ ਤਿਆਰ ਕਰਨ ਅਤੇ ਪ੍ਰੋਸੀਡਿੰਗ ਲਿਖਣ ਆਦਿ ਦੀ ਜਿੰਮੇਵਾਰੀ ਹੁੰਦੀ ਹੈ । ਬਤੌਰ ਨਿੱਜੀ ਸਹਾਇਕ ਪਦਉਨਤੀ ਲਈ ਫੀਡਰ ਕਾਡਰ ਸੀਨਿਅਰ ਸਕੇਲ ਸਟੈਨੋਗ੍ਰਾਫਰ ਦਾ ਹੈ ਜਦ ਕਿ ਬਤੌਰ ਸੁਪਰਡੰਟ ਫੀਡਰ ਕਾਡਰ ਇੰਸਪੈਕਟਰ/ਸੀਨਿਅਰ ਸਹਾਇਕ/ਸੀਨਿਅਰ ਸਕੇਲ ਸਟੈਨੋਗ੍ਰਾਫਰ ਹੈ।ਸੁਪਰਡੰਟ ਦੀ ਆਸਾਮੀ ਤੋਂ ਅਗਲੀ ਤਰੱਕੀ ਬਤੌਰ ਸਕੱਤਰ ਪੇ ਸਕੇਲ 15600-39100+ 7600 ਗਰੇਡ ਪੇ ਵਿੱਚ ਹੁੰਦੀ ਹੈ।ਸਰਕਾਰ ਵਲੋਂ ਨਗਰ ਨਿਗਮਾਂ ਵਿੱਚ ਕੰਮ ਕਰਦੇ ਸੁਪਰਡੰਟਾਂ ਨੂੰ ਆਪਣੇ ਹੁਕਮ ਪਿਠਅੰਕਣ ਨੰ: 1/45/2013-5ਸਸ1/97 ਮਿਤੀ 12.01.2018 ਰਾਹੀਂ ਬਤੌਰ ਸਕੱਤਰ ਪਦਉਨਤ ਕੀਤਾ ਗਿਆ ਹੈ ।

ਜਦ ਕਿ ਮੇਅਰ ਦਫ਼ਤਰ ਵਿੱਚ ਮੇਅਰ ਦੀਆਂ ਭਿੰਨ-ਭਿੰਨ ਡਿਊਟੀਆਂ ਅਤੇ ਉਹਨਾਂ ਦੇ ਅਧਿਕਾਰ ਖੇਤਰ ਲਈ ਦਫ਼ਤਰ ਦੇ ਸੰਚਾਲਣ ਵਾਸਤੇ ਇੱਕ ਸੁਚੱਜੇ ਪ੍ਰਸ਼ਾਸਕੀ ਅਧਿਕਾਰੀ ਦੀ ਲੋੜ੍ਹ ਹੈ । ਇਸ ਲਈ ਇਸ ਆਸਾਮੀ ਤੇ ਸ੍ਰੀ ਸੁਨੀਲ ਖੁੱਲਰ, ਨਿੱਜੀ ਸਹਾਇਕ ਦਾ ਨਾਂ ਸੁਝਾਇਆ ਗਿਆ ਸੀ ਕਿਉਂਕਿ ਉਸ ਨੂੰ ਨਗਰ ਨਿਗਮ ਦੇ ਸੇਵਾ ਵਿੱਚ ਅਲੱਗ-ਅਲੱਗ ਆਸਾਮੀਆਂ ਤੇ 22 ਸਾਲ ਤੋਂ ਵੱਧ ਤਜ਼ਰਬਾ ਪ੍ਰਾਪਤ ਹੋ ਚੁੱਕਾ ਹੈ । ਉਸ ਨੂੰ ਨਗਰ ਨਿਗਮ ਐਕਟ ਅਤੇ ਇਸ ਦੇ ਨਾਲ ਸਬੰਧਤ ਕਾਨੂੰਨ ਅਤੇ ਨਿਯਮਾਂ ਦੀ ਚੰਗੇਰੀ ਜਾਣਕਾਰੀ ਹੈ । ਇਸ ਤੋਂ ਇਲਾਵਾ ਉਸਨੂੰ ਪੱਤਰ ਵਿਵਹਾਰ ਦੀ ਵੀ ਚੰਗੀ ਜਾਣਕਾਰੀ ਹੈ ।ਇੱਥੇ ਇਹ ਦੱਸਣਾ ਵੀ ਯੋਗ ਹੋਵੇਗਾ ਕਿ ਉਹ ਪਿੱਛਲੇ ਲਗਭਗ 11 ਸਾਲਾਂ ਤੋਂ ਬਤੌਰ ਅਜੰਡਾ ਸੁਪਰਡੰਟ (ਜਦ ਕਿ ਕਾਫੀ ਸਾਲਾਂ ਤੋਂ ਸਾਲ 2012 ਤੋਂ 2018 ਤੱਕ ਸਕੱਤਰ ਦੀ ਆਸਾਮੀ ਨਗਰ ਨਿਗਮ ਜਲੰਧਰ ਵਿੱਚ ਖ਼ਾਲੀ ਰਹੀ ਹੈ), ਬਖੂਬੀ ਆਪਣੀ ਸੇਵਾ ਨਿਭਾ ਰਿਹਾ ਹੈ ।

ਇਹ ਵੀ ਵਰਨਣਯੋਗ ਹੈ ਕਿ ਕਿਸੇ ਨਵੀਂ ਗੈਰ-ਪ੍ਰਾਂਤੀਕਰਨ ਆਸਾਮੀ ਤੇ ਪ੍ਰਾਂਤੀਕਰਨ ਸੇਵਾ ਦੇ ਕਰਮਚਾਰੀ ਨੂੰ ਨਗਰ ਨਿਗਮ ਵਲੋਂ ਆਪਣੇ ਤੌਰ ਤੇ ਸਰਕਾਰ ਦੀ ਮੰਜ਼ੂਰੀ ਨਾਲ ਨਿਯੁੱਕਤ ਕਰਨ ਵਿੱਚ ਕੋਈ ਕਾਨੂੰਨੀ ਰੁਕਾਵਟ ਨਹੀਂ ਬਣਦੀ ।ਇਸ ਤਰ੍ਹਾਂ ਦੇ ਉਦਾਹਰਣ ਪਹਿਲਾਂ ਵੀ ਨਗਰ ਨਿਗਮ ਸੇਵਾਵਾਂ ਵਿੱਚ ਉਪਲਬੱਧ ਹਨ ।

ਉਪਰੋਕਤ ਦੇ ਸਨਮੁਖ ਨਗਰ ਨਿਗਮ ਜਲੰਧਰ ਵਲੋਂ ਆਪਣੇ ਮਤਾ ਨੰ: 87 ਮਿਤੀ 25.6.2018 ਰਾਹੀਂ ਇਹ ਮੁੜ੍ਹ ਫੈਸਲਾ ਕੀਤਾ ਗਿਆ ਸੀ ਕਿ ਮੇਅਰ ਨਗਰ ਨਿਗਮ ਜਲੰਧਰ ਦੇ ਦਫ਼ਤਰ ਦੇ ਪਰਿਚਾਲਣ ਲਈ ਇੱਕ ਐਡਮਿਨਿਸਟਰੇਟਿਵ ਅਫ਼ਸਰ ਦੀ ਆਸਾਮੀ ਪੇ ਸਕੇਲ 15600-39100+ 7600 ਗਰੇਡ ਪੇ ਵਿੱਚ ਨਿੱਜੀ ਸਹਾਇਕ ਦੀ ਆਸਾਮੀ ਦੀ ਅਪਗਰੇਡੇਸ਼ਨ ਕੀਤੀ ਜਾਂਦੀ ਹੈ ਅਤੇ ਉਕਤ ਆਸਾਮੀ ਦੀ ਅਪਗਰੇਡੇਸ਼ਨ ਦੇ ਨਾਲ-ਨਾਲ ਸਰਕਾਰ ਪਾਸੋਂ ਸ੍ਰੀ ਸੁਨੀਲ ਖੁੱਲਰ, ਨਿੱਜੀ ਸਹਾਇਕ, ਜ਼ੋ ਕਿ ਆਪਣੇ ਕਾਡਰ ਵਿੱਚ ਸੀਨਿਅਰ ਮੋਸਟ ਹੈ ਅਤੇ ਉਸਨੂੰ ਅੱਗੇ ਤਰੱਕੀ ਦਾ ਕੋਈ ਸਾਧਨ ਉਪਲਬੱਧ ਨਹੀਂ ਹੈ, ਨੂੰ ਇਸ ਆਸਾਮੀ ਤੇ ਤਰੱਕੀ ਦਿੱਤੀ ਜਾਂਦੀ ਹੈ।ਪਰੰਤੂ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਵਲੋਂ ਆਪਣੇ ਪੱਤਰ ਨੰ: ਸ5-ਡਸਸ- ਮਸਸ-2018/05 ਮਿਤੀ

09.01.2019 ਰਾਹੀਂ ਇਸ ਮਤੇ ਨੂੰ ਬਿਨਾਂ ਕਾਨੂੰਨੀ ਪ੍ਰਕ੍ਰਿਆ ਅਪਨਾਏ ਰੱਦ ਕਰ ਦਿੱਤਾ ਗਿਆ ਹੈ ਕਿਉਂਕਿ ਪੀ.ਐਮ.ਸੀ. ਐਕਟ, 1976 ਦੀ ਧਾਰਾ 423 ਅਧੀਨ ਅਜਿਹੀ ਕਾਰਵਾਈ ਕਰਨ ਤੋਂ ਪਹਿਲਾਂ ਸਰਕਾਰ ਵਲੋਂ ਨਗਰ ਨਿਗਮ ਨੂੰ ਕਾਰਣ ਦੱਸੋ ਨੋਟਿਸ ਦੇਣਾ ਲਾਜ਼ਮੀ ਹੈ ਪਰ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਵਲੋਂ ਜਾਰੀ ਕੀਤੇ ਸਪੀਕਿੰਗ ਆਰਡਰ ਬਾਰੇ ਆਰ.ਟੀ.ਆਈ. ਪੱਤਰ ਦੇ ਜਵਾਬ ਵਿੱਚ ਲੋਕ ਸੂਚਨਾ ਅਫਸਰ, ਸਥਾਨਕ ਸਰਕਾਰ ਨੇ ਆਪਣੇ ਪੱਤਰ ਨੰ: ਸ5- ਡਸਸ- ਮਸਸ- (ਜਲੰਧਰ) -2019/3574 ਮਿਤੀ 18.01.2019 ਵਿੱਚ ਜਾਣਕਾਰੀ ਦਿੱਤੀ ਗਈ ਹੈ, ਵਿੱਚ ਕਿਹਾ ਗਿਆ ਹੈ ਕਿ ਪੀ.ਐਮ.ਸੀ. ਐਕਟ, 1976 ਦੀ ਧਾਰਾ 423 ਦੀ ਕਮੈਂਟਰੀ ਅਨੁਸਾਰ ਅਜਿਹੇ ਵਿਅੱਕਤੀ ਜਿਸ ਤੇ ਹੁਕਮਾਂ ਦਾ ਅਸਰ ਪੈਂਦਾ ਹੈ ਨੂੰ ਸੁਣਵਾਈ ਦਾ ਮੌਕਾ ਦੇਣ ਦੀ ਲੋੜ ਨਹੀਂ ਹੈ ਕਿਉਂਜੋ ਅਜਿਹਾ ਮਤਾ ਨਗਰ ਕੌਂਸਲ ਵਲੋਂ ਪਾਸ ਕੀਤਾ ਗਿਆ ਹੁੰਦਾ ਹੈ । ਇਸ ਤਰ੍ਹਾਂ ਸਾਫ ਹੈ ਕਿ ਨਗਰ ਨਿਗਮ ਨੂੰ ਅਜਿਹਾ ਹੁਕਮ ਪਾਸ ਕਰਨ ਤੋਂ ਪਹਿਲਾਂ ਸੁਣਵਾਈ ਦੇਣੀ ਲੋੜੀਂਦੀ ਸੀ ।

ਉਪਰੋਕਤ ਨੂੰ ਮੁੱਖ ਰਖ਼ਦੇ ਹੋਏ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਸ੍ਰੀ ਸੁਨੀਲ ਖੁੱਲਰ, ਨਿੱਜੀ ਸਹਾਇਕ ਨੂੰ ਮਿਤੀ 12.1.2018 ਤੋਂ ਜਦੋਂ ਇਸ ਦੇ ਬਰਾਬਰ ਦੇ ਸੁਪਰਡੰਟਾਂ ਨੂੰ ਬਤੌਰ ਸਕੱਤਰ ਪਦਉਨਤ ਕੀਤਾ ਗਿਆ ਹੈ, ਦੀ ਮਿਤੀ ਤੋਂ ਬਤੌਰ ਐਡਮਿਨਿਸਟਰੇਟਿਵ ਅਫ਼ਸਰ (ਨਾਨ ਪ੍ਰਾਂਤੀਕਰਨ ਕਾਡਰ) ਪੇ ਸਕੇਲ 15600-39100+ 7600 ਗਰੇਡ ਪੇ ਨੋਸ਼ਨਲ ਪਦਉਨਤੀ ਦਿੱਤੀ ਜਾਵੇ । ਇਸ ਕੇਸ ਵਿੱਚ ਕਿਸੇ ਨਵੀਂ ਆਸਾਮੀ ਦੀ ਰਚਨਾ ਨਹੀਂ ਕੀਤੀ ਗਈ ਹੈ ਅਤੇ ਗੈਰ-ਪ੍ਰਾਂਤੀਕਰਨ ਕਾਡਰ ਲਈ ਨਗਰ ਨਿਗਮ ਜਲੰਧਰ ਸਮਰੱਥ ਅਥਾਰਟੀ ਹੈ । ਇਸ ਲਈ ਇਸ ਕੇਸ ਵਿੱਚ ਸਰਕਾਰ ਦੀ ਪ੍ਰਵਾਨਗੀ ਦੀ ਲੋੜ੍ਹ ਨਹੀਂ ਹੈ ਅਤੇ ਇਸ ਨੂੰ ਨਗਰ ਨਿਗਮ ਜਲੰਧਰ ਦਾ ਅੰਤਮ ਫੈਸਲਾ ਸਮਝਦੇ ਹੋਏ ਸ੍ਰੀ ਸੁਨੀਲ ਖੁੱਲਰ, ਨਿੱਜੀ ਸਹਾਇਕ ਨੂੰ ਪਦਉਨਤੀ ਦੇ ਹੁਕਮ ਜਾਰੀ ਕੀਤੇ ਜਾਣ ।

ਮਾਨਯੋਗ ਮੇਅਰ ਜੀ ਦੇ ਆਦੇਸ਼ਾਂ ਨਾਲ ਤਜ਼ਵੀਜ਼ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ । ਸ੍ਰੀ ਸੁਨੀਲ ਖੁੱਲਰ, ਪੀ.ਏ.ਟੂ ਕਮਿਸ਼ਨਰ ਨੂੰ ਮੇਅਰ ਦਫਤਰ ਵਿਖੇ ਖਾਲੀ ਨਿੱਜੀ ਸਹਾਇਕ ਦੀ ਆਸਾਮੀ ਨੂੰ ਅਪਗ੍ਰੇਡ ਕਰਨ ਉਪਰੰਤ ਮਿਤੀ 12.01.2018 ਤੋਂ ਜਦੋਂ ਇਸ ਦੇ ਬਰਾਬਰ ਦੇ ਸੁਪਰਡੰਟਾਂ ਨੂੰ ਬਤੌਰ ਸਕੱਤਰ ਪਦਉਨਤ ਕੀਤਾ ਗਿਆ ਹੈ, ਦੀ ਮਿਤੀ ਤੋਂ ਸਕੱਤਰ ਵਾਲੇ ਪੇ ਸਕੇਲ ਅਨੁਸਾਰ ਬਤੌਰ ਐਡਮਿਨਿਸਟਰੇਟਿਵ ਅਫ਼ਸਰ (ਨਾਨ-ਪ੍ਰਾਂਤੀਕਰਨ ਕਾਡਰ ਵਿੱਚ) ਪੇ ਸਕੇਲ 15600-39100 + 7600 ਗਰੇਡ ਪੇ ਨੋਸ਼ਨਲ ਪਦਉਨਤੀ ਦਿੱਤੀ ਜਾਂਦੀ ਹੈ ।ਮਿਤੀ 12.01.2018 ਤੋਂ ਮਿਤੀ 24.12.2019 ਤੱਕ ਇਹ ਪਦਉਨਤੀ ਨੋਸ਼ਨਲ ਮੰਨੀ ਜਾਵੇਗੀ ਭਾਵ ਇਸ ਸਮੇਂ ਦਾ ਕੋਈ ਵਿੱਤੀ ਲਾਭ ਨਹੀਂ ਦਿੱਤਾ ਜਾਵੇਗਾ । ਇਸ ਅਧਿਕਾਰੀ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਆਪਣੀ ਨਵੀਂ ਤੈਨਾਤੀ ਤੇ ਤੁਰੰਤ ਹਾਜ਼ਰੀ ਰਿਪੋਰਟ ਪੇਸ਼ ਕਰੇ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
24.12.2019

**ਮਤਾ ਨੰ:** 151

ਵਿਸ਼ਾ:- ਓਵਰ ਹੈਂਡ ਓ.ਐਫ.ਸੀ.ਕੇਬਲ ਨਗਰ ਨਿਗਮ, ਜਲੰਧਰ ਦੀ ਹਦੂਦ ਅੰਦਰ ਪਾਉਣ ਸਬੰਧੀ ਪਾਲਿਸੀ ਡਰਾਫਟ ਕਰਨ ਬਾਰੇ।

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਕਿ ਨਗਰ ਨਿਗਮ, ਜਲੰਧਰ ਨੂੰ ਵੱਖ-ਵੱਖ ਟੈਲੀਫੋਨ ਕੰਪਨੀਆਂ ਵੱਲੋਂ ਓਵਰ ਹੈਂਡ ਓ.ਐਫ.ਸੀ.ਕੇਬਲ ਪਾਉਣ ਸਬੰਧੀ ਦਰਖਾਸਤਾਂ ਪ੍ਰਾਪਤ ਹੁੰਦੀਆਂ ਹਨ, ਜਿਨ੍ਹਾਂ ਦੇ ਨਿਪਟਾਰੇ ਲਈ ਓਵਰ ਹੈਂਡ ਓ.ਐਫ.ਸੀ.ਕੇਬਲ ਪਾਉਣ ਸਬੰਧੀ ਨਗਰ ਨਿਗਮ ਕੋਲ ਕੋਈ ਸਰਕਾਰ ਵੱਲੋਂ ਪਾਲਿਸੀ/ਪ੍ਰਵਾਨਿਤ ਰੇਟ ਨਹੀਂ ਹਨ। ਜਿਸ ਕਾਰਨ ਇਨ੍ਹਾਂ ਦਰਖਾਸਤਾਂ ਦਾ ਨਿਪਟਾਰਾ ਨਹੀਂ ਹੁੰਦਾ, ਕੰਪਨੀ ਇਸ ਕੇਵਲ/ਓ.ਐਫ.ਸੀ. ਲਈ ਬਣਦੇ ਖਰਚੇ ਜਮ੍ਹਾਂ ਕਰਵਾਉਣ ਲਈ ਤਿਆਰ ਹੁੰਦੀ ਹੈ। ਜੇਕਰ ਇਹ ਓਵਰ ਹੈਂਡ ਓ.ਐਫ.ਸੀ.ਕੇਬਲ ਨਗਰ ਨਿਗਮ ਦੀ ਹਦੂਦ ਅੰਦਰ ਪੈਂਦੀਆਂ ਹਨ ਤਾਂ ਆਮ ਪਬਲਿਕ ਨੂੰ ਨਵੀਨਤਮ ਤਕਨੋਲਜੀ ਇੰਟਰਨੈਟ ਅਤੇ ਹੋਰ ਸੁਵਿਧਾਵਾਂ ਮਿਲਣੀਆਂ ਹਨ ਅਤੇ ਜੇਕਰ ਨਗਰ ਨਿਗਮ ਇਸ ਲਈ ਚਾਰਜਿਜ ਲੈਣ ਲਈ ਤਜਵੀਜ ਬਣਾਉਂਦਾ ਹੈ ਤਾਂ ਇਸ ਵਿੱਚ ਨਗਰ ਨਿਗਮ ਦਾ ਵਿੱਤੀ ਵਾਧਾ ਹੋਵੇਗਾ। ਇਸ ਲਈ ਤਜਵੀਜ ਕੀਤਾ ਜਾਂਦਾ ਹੈ ਕਿ ਓਵਰ ਹੈਂਡ ਓ.ਐਫ.ਸੀ.ਕੇਬਲ ਪਾਉਣ ਲਈ ਪ੍ਰਤੀ ਕਿਲੋਮੀਟਰ ਰੁਪਏ 15,000/- ਤਜਵੀਜਤ ਕੀਤੇ ਜਾਂਦੇ ਹਨ।

ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਅਨੁਸਾਰ ਪ੍ਰਵਾਨ ਕਰਨ ਲਈ ਓਵਰ ਹੈਂਡ ਓ.ਐਫ.ਸੀ.ਕੇਬਲ ਪਾਲਿਸੀ ਡਰਾਫਟ/ਪ੍ਰਵਾਨ ਕਰਨ ਲਈ ਪੰਜਾਬ ਸਰਕਾਰ ਵਿਭਾਗ, ਚੰਡੀਗੜ੍ਹ ਨੂੰ ਲਿਖਣ ਹਿੱਤ ਮਾਮਲਾ ਮਾਨਯੋਗ ਹਾਊਸ ਦੇ ਵਿਚਾਰਣ ਹਿੱਤ ਪੇਸ਼ ਹੋਣਾ ਯੋਗ ਹੋਵੇਗਾ। ਨਿਗਰਾਨ ਇੰਜੀਨਿਅਰ ( ਬੀ ਐਂਡ ਆਰ) ਨੇ ਮਿਤੀ 25.11.19 ਰਾਹੀਂ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 25.11.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 20.12.2019 ਰਾਹੀਂ ਤਜ਼ਵੀਜ਼ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
24.12.2019

ਇਸ ਉਪਰੰਤ ਹਾਊਸ ਦੀ ਸਹਿਮਤੀ ਅਤੇ ਮੇਅਰ ਜੀ ਦੀ ਆਗਿਆ ਨਾਲ ਮੱਦ ਨੰ: 152 ਤੋਂ 154 ਤੱਕ ਅਜੰਡੇ ਦੇ ਬਾਹਰੋਂ ਲਈਆਂ ਗਈਆਂ ਹਨ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
24.12.2019

**ਮਤਾ ਨੰਬਰ:-152**

ਵਿਸ਼ਾ:- ਨਗਰ ਨਿਗਮ ਦੇ ਬਾਹਰ ਪਾਰਕਿੰਗ ਨੂੰ ਈ. ਆਕਸ਼ਨ ਟੈਡਰਿੰਗ ਰਾਂਹੀ ਠੇਕੇ ਤੇ ਦੇਣ ਸਬੰਧੀ।

ਪੜ੍ਹਿਆ ਦਫਤਰੀ ਨੋਟ ਤਹਿਬਜਾਰੀ ਸ਼ਾਖਾ ਜਿਸ ਦੀ ਸ਼ਿਫਾਰਸ਼ ਸੁਪਰਡੰਟ ਤਹਿਬਜਾਰੀ ਨੇ ਮਿਤੀ 23.12.2019 ਰਾਹੀਂ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਦੇ ਬਾਹਰ ਜੋ ਪਾਰਕਿੰਗ ਬੀ. ਓ. ਟੀ. ਅਧਾਰ ਤੇ ਬਣਾਈ ਗਈ ਸੀ, ਜਿਸ ਦਾ ਸਮਾਂ ਮਿਤੀ 28.12.2019 ਨੂੰ ਖਤਮ ਹੋ ਰਿਹਾ ਹੈ।ਇਹ ਪਾਰਕਿੰਗ ਏ.ਐਨ.ਐਸ ਕੰਸਟਰਕਸਨ ਵੱਲੋਂ ਚਲਾਈ ਜਾ ਰਹੀ ਹੈ। ਹੁਣ ਇਹ ਪਾਰਕਿੰਗ ਨਗਰ ਨਿਗਮ ਵੱਲੋ ਮਿਤੀ 28.12.2019 ਨੂੰ ਆਪਣੇ ਅਧਿਕਾਰ ਖੇਤਰ ਅੰਦਰ ਲੈ ਰਹੀ ਹੈ। ਪਾਰਕਿੰਗ ਤੋ ਇਲਾਵਾ ਦੋ ਦੁਕਾਨਾ ਅਤੇ ਛੱਤ ਉਪਰ ਛੇ ਇਸ਼ਤਿਹਾਰੀ ਬੋਰਡ ਲੱਗੇ ਹਨ।ਪਾਰਕਿੰਗ ਵਾਸਤੇ ਅੰਡਰ ਗਰਾਂਉਡ ਦੋ ਫਲੋਰਾ ਹਨ ਜਿਹਨਾਂ ਵਿੱਚ ਲਗਭੱਗ 200 ਗੱਡੀਆ ਅਤੇ 70 ਸਕੂਟਰ/ਮੋਟਰ ਸਾਈਕਲ ਪਾਰਕ ਹੋ ਜਾਂਦੇ ਹਨ।

ਇਸ ਪਾਰਕਿੰਗ ਵਿੱਚ ਜੋ ਦੋ ਦੁਕਾਨਾ ਹਨ ਉਹਨਾ ਦੀ ਬੋਲੀ ਵੱਖਰੇ ਤੌਰ ਤੇ ਨਗਰ ਨਿਗਮ ਦੇ ਵੱਖ-ਵੱਖ ਹਿੱਸਿਆ ਵਿੱਚ ਖਾਲੀ ਪਈਆ ਦੁਕਾਨਾਂ ਦੇ ਨਾਲ ਕਰਵਾ ਦਿੱਤੀ ਜਾਵੇ ਅਤੇ ਜੋ ਵਿਗਿਆਪਨਬਾਜੀ ਦੇ ਬੋਰਡ ਛੱਤ ਉਪਰ ਲੱਗੇ ਹਨ ਉਹਨਾ ਨੂੰ ਜੋ ਨਗਰ ਨਿਗਮ ਵੱਲੋਂ ਐਡਵਰਟਾਇਜ਼ਮੈਟ ਦਾ ਟੈਂਡਰ ਤਿਆਰ ਕੀਤਾ ਗਿਆ ਹੈ। ਇਸ ਨੂੰ ਉਸ ਟੈਂਡਰ ਵਿੱਚ ਸ਼ਾਮਿਲ ਕਰ ਲਿਆ ਜਾਵੇ ਅਤੇ ਉਸ ਟੈਂਡਰ ਵਿੱਚ ਹੀ ਇਹਨਾ ਨੂੰ ਅਲਾਟ ਕਰ ਦਿੱਤਾ ਜਾਵੇ।

ਏ.ਐਨ.ਐਸ ਕੰਸਟਰਕਸ਼ਨ ਵੱਲੋਂ ਇਸ ਪਾਰਕਿੰਗ ਵਿੱਚ ਘੱਟੋ-ਘੱਟ ਦੋਨੋ ਫਲੋਰਾ ਤੇ 70 ਮੋਟਰ ਸਾਈਕਲ/ਸਕੂਟਰ ਅਤੇ 200 ਕਾਰਾਂ ਪਾਰਕ ਹੁੰਦੇ ਹਨ।ਇਸ ਦਾ ਰਿਜਰਵ ਪਰਾਇਜ਼ ਰੁਪੈ: 25,00,000/- ਸਲਾਨਾ ਬਣਦਾ ਹੈ।ਇਸ ਲਈ ਇਸ ਪਾਰਕਿੰਗ ਨੂੰ ਸਲਾਨਾ ਰੁਪੈ: 25,00,000/- ਦੇ ਹਿਸਾਬ ਨਾਲ ਈ.ਟੈਡਰਿੰਗ ਰਾਂਹੀ ਬੋਲੀ ਤੇ ਦੇਣ ਸਬੰਧੀ ਉੱਚ ਅਧਿਕਾਰੀਆ ਦੇ ਯੋਗ ਹੁਕਮ ਲੋੜੀਂਦੇ ਹਨ।ਸੰਯੁਕਤ ਕਮਿਸ਼ਨਰ (ਹ) ਨੇ ਮਿਤੀ 23.12.2019 ਰਾਹੀਂ ਲਿਖਿਆ ਹੈ ਕਿ ਇਸ ਰਿਜਰਵ ਪ੍ਰਾਈਜ ਮੰਜੂਰ ਹੋਣ ਤੇ ਇਸ ਦਾ ਈ.-ਟੈਂਡਰ ਲਗਾਉਣ ਲਈ ਹਾਊਸ ਦੀ ਪ੍ਰਵਾਨਗੀ ਲੈਣੀ ਵਾਜਬ ਹੋਵੇਗੀ। ਕਮਿਸ਼ਨਰ ਜੀ ਨੇ ਮਿਤੀ 24.12.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 24.12.2019 ਰਾਹੀਂ ਤਜ਼ਵੀਜ਼ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,

24.12.2019

**ਮਤਾ ਨੰਬਰ:-153**

ਵਿਸ਼ਾ:- ਨਗਰ ਨਿਗਮ, ਜਲੰਧਰ ਵਿੱਚ ਕਲਰਕਾਂ ਦੀਆਂ ਪ੍ਰਵਾਨਤ ਅਸਾਮੀਆਂ ਨੂੰ ਪੁਰ ਕਰਨ ਸਬੰਧੀ ਯੂਨੀਅਨ ਦਾ ਮੰਗ ਪੱਤਰ।

ਪ੍ਰਧਾਨ, ਮਿਉਂਸੀਪਲ ਇੰਮਪਲਾਈ ਯੂਨੀਅਨ (ਰਜਿ.), ਨਗਰ ਨਿਗਮ ਜਲੰਧਰ ਵਲੋਂ ਇੱਕ ਮੰਗ ਪੱਤਰ ਮਿਤੀ 24.12.2019 ਨੂੰ ਦਿੱਤਾ ਗਿਆ ਕਿ ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਅਮਲਾ ਸ਼ਾਖਾ ਵਲੋਂ ਮਿਤੀ 26/05/2017 ਰਾਹੀਂ ਆਪ ਜੀ ਨੂੰ ਲਿਖਿਆ ਗਿਆ ਸੀ ਕਿ ਨਗਰ ਨਿਗਮ ਜਲੰਧਰ ਵਿੱਚ ਕਲੱਰਕਾਂ ਦੀਆਂ ਕੁਲ ਪ੍ਰਵਾਨਤ ਆਸਾਮੀਆਂ 248 ਹਨ ਅਤੇ ਇਹਨਾਂ ਵਿਰੁੱਧ ਭਰੀਆਂ ਹੋਈਆਂ ਅਸਾਮੀਆਂ ਅੱਧੀਆਂ ਹੀ ਰਹਿ ਗਈਆਂ ਹਨ ਅਤੇ ਇਸ ਸਬੰਧੀ ਨਗਰ ਨਿਗਮ, ਜਲੰਧਰ ਵਲੋਂ ਆਪਣੇ ਪੱਤਰ ਨੰ 346/ਸੀ.ਸੀ/ਗੋਵ/ਜੀ ਮਿਤੀ 18/09/2017 ਰਾਹੀਂ 70 ਨਵੇਂ ਕਲਰਕਾਂ ਦੀ ਭਰਤੀ ਪ੍ਰਵਾਨਗੀ ਦੇਣ ਸਬੰਧੀ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ ਵੱਲੋਂ ਆਪਣੇ ਪੱਤਰ ਨੰ: ਸ1-ਮਸਸ-ਡਸਸ-2017/733 ਮਿਤੀ 28-11-2017 ਰਾਹੀਂ ਲਿਖਿਆ ਗਿਆ ਸੀ ਅਤੇ ਮਾਨਯੋਗ ਡਾਇਰੈਕਟਰ ਵੱਲੋਂ ਆਦੇਸ਼ ਦਿੱਤੇ ਗਏ ਹਨ ਕਿ ਨਗਰ ਨਿਗਮ, ਜਲੰਧਰ ਵੱਲੋਂ ਕਲਰਕਾਂ ਦੀਆਂ ਖਾਲੀ ਪਈਆ ਅਸਾਮੀਆਂ ਵਿਰੁੱਧ ਭਰਤੀ ਕਰਨ ਸਬੰਧੀ ਤਜਵੀਜ ਮਤੇ ਦੇ ਰੂਪ ਵਿੱਚ ਸਰਕਾਰ ਤੋਂ ਪ੍ਰਵਾਨ ਕਰਵਾਈ ਜਾਵੇ।

ਇਥੇ ਆਪ ਜੀ ਦੇ ਧਿਆਨ ਵਿੱਚ ਲਿਆਉਣ ਯੋਗ ਹੈ ਕਿ ਅੱਜ ਕੁਲ ਕਲਰਕਾਂ ਦੀਆਂ ਪ੍ਰਵਾਨਤ ਅਸਾਮੀਆਂ 248 ਹਨ ਜਦਕਿ ਭਰੀਆਂ ਅਸਾਮੀਆਂ ਦੀ ਗਿਣਤੀ ਘੱਟ ਕੇ **108** ਰਹਿ ਗਈ ਹੈ ਜ਼ੋਕਿ ਲਗਭਗ **40%** ਹੈ, ਜਿਸ ਕਰਨ ਨਗਰ ਨਿਗਮ, ਜਲੰਧਰ ਦੀ ਵੱਖ-ਵੱਖ ਸਾਖਾਵਾਂ ਵਿੱਚ ਕੰਮ ਬਹੁਤ ਪ੍ਰਭਾਵਿਤ ਹੋ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਇਹ ਸਥਿਤੀ ਹੋਰ ਵੀ ਖਰਾਬ ਹੋਣ ਦੇ ਆਸਾਰ ਹਨ, ਕਿਉਂਜ਼ੋ ਆਉਣ ਵਾਲੇ ਸਮੇਂ ਵਿੱਚ ਕਈ ਕਲਰਕ ਸੇਵਾ ਮੁਕਤ ਹੋ ਰਹੇ ਹਨ ਅਤੇ ਕਈ ਪੱਦਉਨਤ ਹੋਣ ਉਪਰੰਤ ਇੰਸਪੈਕਟਰ ਬਣਨ ਜਾ ਰਹੇ ਹਨ।

ਉਪਰੋਕਤ ਨੂੰ ਮੁਖ ਰਖਦੇ ਹੋਏ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਨਗਰ ਨਿਗਮ, ਜਲੰਧਰ ਵਿੱਚ ਕਲਰਕਾਂ ਦੀਆਂ ਪ੍ਰਵਾਨਤ ਅਸਾਮੀਆਂ ਨੂੰ ਪੁਰ ਕਰਨ ਸਬੰਧੀ ਖਾਲੀ ਪਈਆਂ 140 ਕਲਰਕਾਂ ਦੀ ਅਸਾਮੀਆਂ ਦੀ ਭਰਤੀ ਲਈ ਮਾਨਯੋਗ ਡਾਇਰੈਕਟਰ ਜੀ ਦੇ ਆਦੇਸ਼ ਅਨੁਸਾਰ ਤਜਵੀਜ ਮਾਨਯੋਗ ਹਾਊਸ ਦੀ ਪ੍ਰਵਾਨਗੀ ਹਿੱਤ ਮਤੇ ਦੇ ਰੂਪ ਵਿੱਚ ਪੇਸ਼ ਕੀਤੀ ਜਾਵੇ ਜੀ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 24.12.2019 ਰਾਹੀਂ ਤਜ਼ਵੀਜ਼ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
24.12.2019

ਮਤਾ ਨੰਬਰ:–154

ਵਿਸ਼ਾ:– **Request application for the declaration of Road starting from Nakodar Road to Shiv Shakti Mandir as Commercial road for the purposes of building use.**

ਹਵਾਲਾ:– ਡਾਇਰੀ ਨੰ: 2665/ਐਮ.ਟੀ.ਪੀ. ਮਿਤੀ 29.11.2019 ਅਤੇ 2734/ਐਮ.ਟੀ.ਪੀ. ਮਿਤੀ 05.12.2019.

ਪੜ੍ਹਿਆ ਦਫਤਰੀ ਨੋਟ ਡਰਾਇੰਗ ਸ਼ਾਖਾ ਮਿਤੀ 10.12.2019 ਜਿਸ ਦੀ ਸ਼ਿਫਾਰਸ਼ ਸਹਾਇਕ ਟਾਊਨ ਪਲੈਨਰ ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਤੇ ਹਵਾਲੇ ਸਬੰਧੀ ਦੱਸਿਆ ਜਾਂਦਾ ਹੈ ਕਿ ਵਾਰਡ ਨੰ: 20 ਦੇ ਕੌਂਸਲਰ ਸਾਹਿਬਾਨ ਡਾ. ਜਸਲੀਨ ਸੇਠੀ, ਵਾਰਡ ਨੰ: 21 ਦੇ ਕੌਂਸਲਰ ਸਾਹਿਬਾਨ ਸ਼੍ਰੀਮਤੀ ਮਨਜੀਤ ਕੌਰ ਅਤੇ ਕੌਂਸਲਰ ਸਾਹਿਬਾਨ ਸ਼੍ਰੀਮਤੀ ਉਮਾ ਬੇਰੀ ਜੀ ਅਤੇ ਮੁਹੱਲਾ ਨਿਵਾਸੀਆਂ ਵਲੋਂ ਮਾਣਯੋਗ ਮੇਅਰ ਸਾਹਿਬ ਜੀ ਨੂੰ ਆਪਣੀ ਪ੍ਰਤੀ ਬੇਨਤੀ ਦਿੱਤੀ ਹੈ, ਜਿਸ ਵਿੱਚ ਉਨ੍ਹਾਂ ਵਲੋਂ ਲਿਖਿਆ ਹੈ ਕਿ:–

1) That, we the are the owners in possession of the buildings, back side gates abutting or road, which was originally known as Model Town Minor canal/distributary, and was declared on 24.07.1979 as public street by Municipal Corporation Jalandhar u/s 242 of the Punjab Municipal Corporation Act, 1976. There after the metaled road was constructed and the same is being used as a public road.
2) This road, built on canal, begins from Basti Mithu and the part of the road from Basti Mithu to Nakodar road (known as Avtar Nagar Road) is being used as commercial, since long.
3) That on remaining portion of the road, also, that is from Nakodar road to Shiv Shakti Mandir, most of the buildings abutting on both sides of the road, are commercially used.
4) Hence, it is requested that road leading from Nakodar Road till shiv Shakti Mandir be declared as commercial road in the records of MC Jal under the provisions of Punjab Municipal Corporation Act 1976 and be added in the Master Plan. And necessary resolution be passed in the House for final approval.

ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਵਿਸ਼ੇ ਅਧੀਨ ਸੜਕ ਨਗਰ ਸੁਧਾਰ ਟਰੱਸਟ ਦੀ ਵਿਕਾਸ ਸਕੀਮ 73.5 ਏਕੜ ਮਾਡਲ ਟਾਊਨ ਰੋਡ, ਜਲੰਧਰ ਵਿਖੇ ਪੈਂਦੀ ਹੈ। ਸਕੀਮ ਪਲੈਨ ਵਿੱਚ ਇਸ ਸੜਕ ਨੂੰ ਮਾਡਲ ਟਾਊਨ ਡਿਸਟ੍ਰੀਬਿਊਟਰੀ ਦਰਸਾਇਆ ਹੈ। ਸਕੀਮ ਪਲੈਨ ਅਨੁਸਾਰ ਪਲਾਟ ਨੰ: 126 ਤੋਂ 151 ਅਤੇ 177 ਤੋਂ 179 ਅਤੇ ਉਸ ਨਾਲ ਸ਼ਿਵ ਸ਼ਕਤੀ ਮੰਦਿਰ ਨੂੰ 30'–0" ਚੌੜੀ ਸੜਕ ਲੱਗਦੀ ਹੈ ਅਤੇ ਇਨ੍ਹਾਂ ਪਲਾਟਾਂ ਦੇ ਬੈਕ ਸਾਈਡ ਤੇ ਸਕੀਮ ਪਲੈਨ ਅਨੁਸਾਰ ਡਿਸਟ੍ਰੀਬਿਊਟਰੀ (ਮਾਡਲ ਟਾਊਨ ਡਿਸਟ੍ਰੀਬਿਊਟਰੀ) ਦਰਸਾਈ ਗਈ ਹੈ। ਇਸੇ ਤਰ੍ਹਾਂ ਸਕੀਮ ਪਲੈਨ ਅਨੁਸਾਰ ਪਲਾਟ ਨੰ: 294–ਏ ਤੋਂ ਪਲਾਟ ਨੰ: 311 ਤੱਕ ਪੈਂਦੇ ਪਲਾਟ (ਜਿਸ ਦਾ ਫਰੰਟ 90'–0" ਚੌੜੀ ਸੜਕ ਭਗਵਾਨ ਮਹਾਵੀਰ ਮਾਰਗ ਤੇ ਪੈਂਦਾ ਹੈ) ਇਹ ਡਿਸਟ੍ਰੀਬਿਊਟਰੀ ਇਨ੍ਹਾਂ ਪਲਾਟਾਂ ਦੇ ਪਿਛਲੇ ਪਾਸੇ ਵੀ ਲੱਗਦੀ ਹੈ। ਇਨ੍ਹਾਂ ਸਾਰੇ ਪਲਾਟਾਂ ਦੇ ਤਜਵੀਜੀ ਨਕਸ਼ੇ ਨਗਰ ਨਿਗਮ ਵਲੋਂ ਬਿਲਡਿੰਗ ਬਾਈਲਾਜ / ਸਡਿਊਲ ਆਫ ਕਲਾਜਿਜ ਅਨੁਸਾਰ ਬਿਨੈਕਾਰ ਦੀ ਮੰਗ ਅਨੁਸਾਰ ਬਣਦੀਆਂ ਫੀਸਾਂ ਲੈ ਕੇ ਅਤੇ ਮੰਜੂਰੀਆਂ ਲੈ ਕੇ ਪਾਸ ਕੀਤੇ ਜਾਂਦੇ ਹਨ। ਇਨ੍ਹਾਂ ਪਲਾਟਾਂ ਦੇ ਪਿਛਲੇ ਪਾਸੇ ਜੋ ਮਾਡਲ ਟਾਊਨ ਡਿਸਟ੍ਰੀਬਿਊਟਰੀ ਲੱਗਦੀ ਹੈ, ਉਸ ਨੂੰ ਨਗਰ ਨਿਗਮ ਵਲੋਂ PMC Act 1976 ਦੀ ਧਾਰਾ 242 (2) ਅਧੀਨ ਪਬਲਿਕ ਸਟਰੀਟ ਮਿਤੀ 24.07.79 ਨੂੰ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਹੁਣ ਇਹ ਮਾਡਲ ਟਾਊਨ ਡਿਸਟ੍ਰੀਬਿਊਟਰੀ ਇੱਕ ਪੱਕੀ ਸੜਕ ਬਣੀ ਹੋਈ ਹੈ ਅਤੇ ਵਾਰਡ ਨੰ: 20, 21 ਦੇ ਕੌਂਸਲਰ ਸਾਹਿਬਾਨਾਂ ਵਲੋਂ ਇਸ ਮਾਡਲ ਟਾਊਨ ਡਿਸਟ੍ਰੀਬਿਊਟਰੀ ਤੇ ਬਣੀ ਹੋਈ ਪੱਕੀ ਸੜਕ ਨੂੰ ਕਾਰੋਬਾਰੀ ਘੋਸ਼ਿਤ ਕਰਨ ਸਬੰਧੀ ਬੇਨਤੀ ਦਿੱਤੀ ਹੈ ਅਤੇ ਉਸ ਨਾਲ ਇਸ ਮਾਡਲ ਟਾਊਨ ਡਿਸਟ੍ਰੀਬਿਊਟਰੀ ਉਪਰ ਪੈਂਦੇ ਵਪਾਰਕ ਪਲਾਟਾਂ ਦਾ ਵੇਰਵਾ ਅਤੇ ਮੌਕੇ ਦੀ ਸੜਕ ਦੀ ਸਥਿਤੀ ਦਾ ਨਕਸ਼ਾ ਨਾਲ ਨੱਥੀ ਕੀਤਾ ਹੈ, ਜਿਸ ਨੂੰ ਲਾਲ ਰੰਗ ਨਾਲ ਦਰਸਾ ਦਿੱਤਾ ਗਿਆ ਹੈ। ਕਿਉਂਕਿ ਇਹ ਸੜਕ ਜਿਸ ਨੂੰ ਕਾਰੋਬਾਰੀ ਘੋਸ਼ਿਤ ਕਰਵਾਉਣ ਸਬੰਧੀ ਪ੍ਰਤੀ ਬੇਨਤੀ ਦਿੱਤੀ ਹੈ, ਉਹ ਨਗਰ ਸੁਧਾਰ ਟਰੱਸਟ ਦੀ ਵਿਕਾਸ ਸਕੀਮ ਦੀ ਬਾਊਂਡਰੀ ਅਧੀਨ ਪੈਂਦੀ ਹੈ ਅਤੇ ਜੇਕਰ ਇਸ ਸੜਕ ਨੂੰ ਕਾਰੋਬਾਰੀ ਘੋਸ਼ਿਤ ਕੀਤਾ ਜਾਂਦਾ ਹੈ ਕਿ ਤਾਂ ਇਸ ਸੜਕ ਉਪਰ ਪੈਂਦੇ ਪਲਾਟਾਂ ਦਾ ਭਵਿੱਖ ਵਿੱਚ ਕਾਰੋਬਾਰੀ ਭੋਂ–ਮੰਤਵ ਤਬਦੀਲ ਕੀਤਾ ਜਾ ਸਕਦਾ ਹੈ, ਜਿਸ ਨਾਲ ਨਗਰ ਨਿਗਮ ਨੂੰ ਵਿੱਤੀ ਲਾਭ ਪ੍ਰਾਪਤ ਹੋਵੇਗਾ ਅਤੇ ਉਸ ਉਪਰੰਤ ਕਾਰੋਬਾਰੀ ਨਕਸ਼ੇ ਪਾਸ ਕੀਤੇ ਜਾ ਸਕਦੇ ਹਨ। ਇਸ ਲਈ ਯੋਗ ਹੋਵੇਗਾ ਕਿ ਕੌਂਸਲਰ ਸਾਹਿਬਾਨ ਵਲੋਂ ਦਿੱਤੀ ਗਈ ਪ੍ਰਤੀ ਬੇਨਤੀ ਅਨੁਸਾਰ ਮੌਕੇ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਸੜਕ ਨੂੰ ਕਾਰੋਬਾਰੀ ਘੋਸ਼ਿਤ ਕਰਨ ਲਈ ਵਿਸ਼ੇ ਅਧੀਨ ਕੇਸ ਨਗਰ ਨਿਗਮ, ਜਲੰਧਰ ਦੀ ਹਾਊਸ ਦੇ ਫੈਸਲੇ ਹਿੱਤ ਪੇਸ਼ ਹੈ।ਮਿਉਂਸੀਪਲ ਟਾਊਨ ਪਲੈਨਰ ਨੇ ਮਿਤੀ 18.12.2019 ਰਾਹੀਂ ਤਜਵੀਜ ਹਾਊਸ ਵਿਚ ਰੱਖਣ ਦੀ ਸ਼ਿਫਾਰਸ਼ ਕੀਤੀ ਹੈ। ਸੰਯੁਕਤ ਕਮਿਸ਼ਨਰ (ਐਚ) ਜੀ ਨੇ ਮਿਤੀ 12.12.2019 ਅਤੇ ਕਮਿਸ਼ਨਰ ਜੀ ਨੇ ਮਿਤੀ 19.12.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 24.12.2019 ਰਾਹੀਂ ਤਜ਼ਵੀਜ਼ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/– ਜਗਦੀਸ਼ ਰਾਜ ਰਾਜਾ, ਮੇਅਰ,

24.12.2019